
## ਸੱਭ ਰਹਿ ਜਾਣੇਂ ਇਥੇ ਪਏ ਥਾਂ ਬੰਦਿਆ



ਸੱਭ ਰਹਿ ਜਾਣੇ ਇੱਥੇ ਪਏ ਥਾਂ ਬੰਦਿਆ।
ਨਹੀਂ ਲੱਭਣੀ ਭਰਾਵਾਂ ਜਿਹੀ ਛਾਂ ਬੰਦਿਆ।।

ਇੰਚ ਇੰਚ ਪਿੱਛੇ ਕਰਦੈਂ ਲੜਾਈ ਕਾਸਤੋਂ। ਕਚਹਿਰੀਆਂ
ਲੁਟਾਉਂਣਾ ਏਂ ਕਮਾਈ ਕਾਸਤੋਂ।।

ਬੰਦੇ ਹੁਣ ਵਕਤ ਵਿਚਾਰ ਕੰਮ ਲੈ ਹੋਸ਼ ਤੋਂ।
ਨਹੀਂ ਮੁਕਤ ਨਹੀਂ ਹੋਇਆ ਜਾਣਾ ਕਦੇ ਦੋਸ਼ ਤੋਂ।।

ਜੇਕਰ ਦਰ ਦਰ ਰੋਲੇਂਗਾ ਮਾਂ ਬਾਪ ਬੰਦਿਆ।
ਤੈਨੂੰ ਐਦੂੰ ਵੱਡਾ ਕੋਈ ਨਾ ਸਰਾਪ ਬੰਦਿਆ।।

ਬੰਦਿਆ ਜਸ ਖੱਟ ਲਵੀਂ ਤੂੰ ਹੱਥੀਂ ਸੇਵਾ ਕਰਕੇ।
ਤੈਨੂੰ ਗੁਰੂ ਘਰੋਂ ਮਿਲੂ ਸੇਵਾ ਝੋਲੀ ਭਰ ਕੇ।।

ਭਾਈ ਕਦੇ ਸਮਝੇਂ ਨਾਂ ਪੁੱਤਾਂ ਦੇ ਸਮਾਨ ਧੀ ਨੂੰ।
ਹਮੇਸ਼ਾ ਕੁੱਖਾਂ ਵਿੱਚ ਮਾਰੇਂ ਕਰਦਾ ਨਾ ਸੀਅ ਤੂੰ।।

ਸਾਰੇ ਦੱਸਿਓ ਜੇ ਕਮੀ ਕੋਈ ਹੋਈ ਵੀਰ ਜੀ।
ਬੱਲੇ ਬੱਲੇ ਕਹਿ ਕੇ ਨਾ ਬਣਾਇਓ ਧੀਰ ਜੀ।।


ਸਦਾ ਡਿਗ ਡਿਗ ਬੰਦਾ ਤਾਂ ਸਵਾਰ ਹੁੰਦਾ ਹੈ।
ਦੱਸੀਏ ਜੇ ਤਾਹੀਓ ਤਾਂ ਸੁਧਾਰ ਹੁੰਦਾ ਹੈ।।

ਪੜ੍ਹ ਪੜ੍ਹ ਕੇ ਜੋ ਦੋਸਤ ਵਧਾਉਣ ਮਾਣ ਜੀ ।
ਦੱਦਾਹੂਰੀਆ ਤਾਂ ਦਿਲੋਂ ਕਰੇ ਸਨਮਾਨ ਜੀ।।

ਦੱਦਾਹੂਰੀਆ ਤਾਂ ਕਰਦਾ ਹੈ ਗੱਲਾਂ ਖਰੀਆਂ।
ਸਿਆਣਿਆਂ ਦੇ ਕਥਨ ਨਾ ਮਨੋਂ ਘੜੀਆਂ।।

ਸਟੇਟ ਐਵਾਰਡੀ ਲੇਖਕ
ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਇੱਕ ਆਦਮੀ ਨੂੰ ਬਹੁਤ ਗੁੱਸਾ ਆ ਗਿਆ ਮੇਰੇ ਉੱਤੇ, ਤਾਂ ਉਸਨੇ ਇੱਕ ਜੁੱਤੀ ਵਗਾ ਕੇ ਮੇਰੇ ਵੱਲ ਮਾਰ ਦਿੱਤੀ



ਹੁਣੇ ਮੈਂ ਬੜੌਦਾ ਵਿੱਚ ਸੀ। ਇੱਕ ਆਦਮੀ ਨੂੰ ਬਹੁਤ ਗੁੱਸਾ ਆ ਗਿਆ ਮੇਰੇ ਉੱਤੇ, ਤਾਂ ਉਸਨੇ ਇੱਕ ਜੁੱਤੀ ਵਗਾ ਕੇ ਮੇਰੇ ਵੱਲ ਮਾਰ ਦਿੱਤੀ। ਫਿਰ ਵੀ ਮੈਂ ਉਸਨੂੰ ਕਿਹਾ ਕਿ ਤੇਰਾ ਗੁੱਸਾ ਅਜੇ ਪੂਰਾ ਨਹੀਂ ਹੈ; ਨਹੀਂ ਤਾਂ ਦੂਜੀ ਜੁੱਤੀ ਕਿਉਂ ਰੋਕ ਲਈ ਹੈ? ਉਸਨੂੰ ਵੀ ਸੁੱਟ। ਅਤੇ ਫਿਰ ਇੱਕ ਜੁੱਤੀ ਦਾ ਮੈਂ ਕੀ ਕਰਾਂਗਾ? ਜੇ ਦੋ ਜੁੱਤੀਆਂ ਹੋਣਗੀਆਂ, ਤਾਂ ਕੁਝ ਕੰਮ ਆ ਸਕਦੀਆਂ ਹਨ! ਜੇ ਗੁੱਸਾ ਤੇਜ਼ੀ ਨਾਲ ਆ ਜਾਵੇ, ਤਾਂ ਜੁੱਤੀ ਸੁੱਟਣ ਦਾ ਮਨ ਕਰਦਾ ਹੈ। ਕੀ ਗੱਲ ਹੈ? ਇਹ ਸੰਕੇਤਕ (symbolic) ਹੈ। ਜੇ ਗੁੱਸਾ ਜ਼ੋਰ ਨਾਲ ਆ ਜਾਵੇ, ਤਾਂ ਦੂਜੇ ਦੇ ਸਿਰ ਵਿੱਚ ਪੈਰ ਮਾਰਨ ਦਾ ਜੀਅ ਕਰਦਾ ਹੈ। ਹੁਣ ਪੈਰ ਤਾਂ ਮਾਰ ਨਹੀਂ ਸਕਦੇ।

ਇੰਨੀ ਉੱਚੀ ਛਾਲ ਮਾਰਨਾ, ਸ਼ਾਇਦ ਕੁਝ ਹਾਈ-ਜੰਪ ਕਰਨ ਵਾਲਿਆਂ ਲਈ ਸੰਭਵ ਹੋਵੇ! ਬਾਕੀ ਜੇ ਕੋਈ ਕਿਸੇ ਦੇ ਸਿਰ ਵਿੱਚ ਪੈਰ ਮਾਰਨ ਜਾਵੇ, ਤਾਂ ਆਪਣੇ ਹੀ ਹੱਥ-ਪੈਰ ਤੁੜਵਾ ਬੈਠੇਗਾ! ਇੰਨੀ ਮਿਹਨਤ ਔਖੀ ਜਾਪਦੀ ਹੈ। ਇਸ ਲਈ ਜੁੱਤੀ ਨੂੰ ਇੱਕ ਸੰਕੇਤਕ ਕਾਰਜ ਵਾਂਗ, ਇੱਕ ਪ੍ਰਤੀਕ ਵਜੋਂ ਉਸਦੇ ਸਿਰ 'ਤੇ ਸੁੱਟ ਦਿੰਦੇ ਹਨ ਕਿ 'ਲੈ ਇਹ ਫੜ!'

ਜਦੋਂ ਕ੍ਰੋਧ ਵਿੱਚ ਅਜਿਹਾ ਵਾਪਰਦਾ ਹੈ, ਤਾਂ ਕੀ ਇਸਦੇ ਉਲਟ ਅਜਿਹਾ ਨਹੀਂ ਵਾਪਰ ਸਕਦਾ ਕਿ ਕਿਸੇ ਦੇ ਚਰਨਾਂ ਵਿੱਚ ਸਿਰ ਰੱਖਣ ਦਾ ਪਲ ਆ ਜਾਵੇ? ਜਦੋਂ ਕ੍ਰੋਧ ਨਾਲ ਪੀੜਤ, ਪਰੇਸ਼ਾਨ (disturbed) ਚਿੱਤ ਦੂਜੇ ਦੇ ਸਿਰ 'ਤੇ ਪੈਰ ਰੱਖਣਾ ਚਾਹੁੰਦਾ ਹੈ, ਤਾਂ ਮੌਨ ਨਾਲ, ਪ੍ਰੇਮ ਨਾਲ, ਪ੍ਰਾਰਥਨਾ ਨਾਲ ਸ਼ਾਂਤ ਹੋਇਆ ਚਿੱਤ, ਜੇ ਦੂਜੇ ਦੇ ਪੈਰਾਂ ਵਿੱਚ ਸਿਰ ਰੱਖਣਾ ਚਾਹੇ, ਤਾਂ ਇਸ ਵਿੱਚ ਹੈਰਾਨੀ ਕੀ ਹੈ? ਪਰ ਜੋ ਲੋਕ ਜੁੱਤੀਆਂ ਮਾਰਨ ਵਿੱਚ ਕੋਈ ਹੈਰਾਨੀ ਨਹੀਂ ਮੰਨਦੇ, ਉਹ ਲੋਕ ਪੈਰਾਂ 'ਤੇ ਸਿਰ ਰੱਖਣ 'ਤੇ ਬਹੁਤ ਹੈਰਾਨ ਹੋ ਜਾਂਦੇ ਹਨ! ਅਸਲ ਵਿੱਚ ਉਹਨਾਂ ਨੂੰ ਇਸ ਰੂਹਾਨੀ ਭੇਦ ਦਾ ਕੋਈ ਪਤਾ ਹੀ ਨਹੀਂ।

ਫਿਰ ਇਹ ਵੀ ਧਿਆਨ ਰਹੇ ਕਿ 'ਡੰਡਵਤ' ਇਸ ਦੇਸ਼ ਵਿੱਚ ਇੱਕ ਬਹੁਤ ਹੀ ਵਿਗਿਆਨਕ ਪ੍ਰਕਿਰਿਆ (scientific process) ਦਾ ਹਿੱਸਾ ਸੀ। ਹਰ ਵਿਅਕਤੀ ਦਾ ਸਰੀਰ ਬਿਜਲਈ-ਊਰਜਾ (electric energy) ਨਾਲ ਭਰਿਆ ਹੋਇਆ ਹੈ। ਅਤੇ ਇਹ ਊਰਜਾ ਨੁਕੀਲੀਆਂ ਥਾਵਾਂ ਜਾਂ ਕੋਣਾਂ ਤੋਂ ਵਹਿੰਦੀ ਹੈ— ਹੱਥਾਂ ਦੀਆਂ ਉਂਗਲਾਂ ਅਤੇ ਪੈਰਾਂ ਦੀਆਂ ਉਂਗਲਾਂ ਰਾਹੀਂ।

ਜਦੋਂ ਵੀ ਕੋਈ ਵਿਅਕਤੀ ਅਜਿਹੀ ਸਥਿਤੀ ਵਿੱਚ ਪਹੁੰਚ ਜਾਂਦਾ ਹੈ, ਜਿੱਥੇ ਉਹ ਪ੍ਰਮਾਤਮਾ ਨੂੰ ਪੂਰੀ ਤਰ੍ਹਾਂ ਸਮਰਪਿਤ ਹੁੰਦਾ ਹੈ, ਤਾਂ ਉਸਦੀ ਊਰਜਾ ਪ੍ਰਮਾਤਮਾ ਨਾਲ ਜੁੜ ਜਾਂਦੀ ਹੈ। ਜੇਕਰ ਉਸਦੇ ਪੈਰਾਂ 'ਤੇ ਸਿਰ ਰੱਖ ਦਿੱਤਾ ਜਾਵੇ, ਤਾਂ ਬਿਜਲਈ-ਸੰਚਾਰ ਅਤੇ ਤਰੰਗਾਂ ਦਾ ਪ੍ਰਵਾਹ ਅੰਦਰ ਤੱਕ ਦੌੜ ਜਾਂਦਾ ਹੈ। ਉਸਦੇ ਹੱਥਾਂ ਰਾਹੀਂ ਵੀ ਅਜਿਹਾ ਹੀ ਹੁੰਦਾ ਹੈ। ਇਸੇ ਲਈ ਪੈਰਾਂ 'ਤੇ ਸਿਰ ਰੱਖਣ ਦਾ ਰਿਵਾਜ ਸੀ ਅਤੇ ਸਿਰ 'ਤੇ ਹੱਥ ਰੱਖ ਕੇ ਅਸੀਸ ਦੇਣ ਦੀ ਪਰੰਪਰਾ ਸੀ।

ਜੇਕਰ ਤੁਸੀਂ ਕਿਸੇ ਵਿਅਕਤੀ ਦੇ ਪੈਰਾਂ 'ਤੇ ਆਪਣਾ ਸਿਰ ਰੱਖਿਆ ਅਤੇ ਉਸਨੇ ਵੀ ਤੁਹਾਡੇ ਸਿਰ 'ਤੇ ਹੱਥ ਰੱਖ ਦਿੱਤਾ, ਤਾਂ ਤੁਹਾਡੇ ਦੋਵਾਂ ਦੇ ਸਰੀਰ ਇੱਕ ਇਲੈਕਟ੍ਰਿਕ ਸਰਕਟ ਬਣ ਜਾਂਦਾ ਹੈ ਅਤੇ ਬਿਜਲੀ ਦੀ ਧਾਰਾ ਦੋਵਾਂ ਪਾਸਿਆਂ ਤੋਂ ਦੌੜਨ ਲੱਗਦੀ ਹੈ। ਇਸ ਧਾਰਾ ਦੇ ਵਹਿਣ ਦੇ ਬਹੁਤ ਡੂੰਘੇ ਨਤੀਜੇ ਨਿਕਲਦੇ ਹਨ।

ਪਰ ਜ਼ਿੰਦਗੀ ਦੇ ਬਹੁਤ ਸਾਰੇ ਸੱਚ ਸਮੇਂ ਦੀ ਧੂੜ ਹੇਠ ਦੱਬ ਕੇ ਬੇਕਾਰ ਹੋ ਜਾਂਦੇ ਹਨ। ਜੀਵਨ ਦੇ ਬਹੁਤ ਸਾਰੇ ਸੱਚ ਗਲਤ ਲੋਕਾਂ ਦੇ ਹੱਥਾਂ ਵਿੱਚ ਪੈ ਕੇ ਖ਼ਤਰਨਾਕ ਵੀ ਹੋ ਜਾਂਦੇ ਹਨ।

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਲੁੱਟ...**

ਸਰਕਾਰੀ ਤੰਤਰ ਦੀ ਲੁੱਟ ਤੇ ਕੁੱਟ ਜਨਤਾ ਨੂੰ ਘੁਮਣ ਘੇਰੀ 'ਚ ਫਸਾਈ ਹੀ ਰਖਦੀ ਹੈ। ਮੌਕਾ ਲੱਗਣ 'ਤੇ ਲੋਕ ਵੀ ਤੰਤਰ ਨੂੰ ਸਬਕ ਸਿਖਾਉਣਾ ਨਹੀਂ ਭੁੱਲਦੇ॥ ਲੁੱਟ ਦਾ ਮਾਲ ਅਕਸਰ ਡਾਂਗਾਂ ਦੇ ਗਜ਼ ਹੀ ਵਿਕਦੈ। ਲੁੱਟ ਰਾਹੀਂ ਲੋਟੂ ਧਨੀ ਤਾਂ ਹੋ ਸਕਦੈ ਪਰ ਦਿਲ ਦਾ ਕਮੀਨਾ ਵੀ ਬਣ ਜਾਂਦੈ॥ ਲੋਟੂ ਟੋਲੇ ਦੇ ਜੀ ਹਜ਼ੂਰੀਏ ਵੀ ਜਰੂਰ ਹੁੰਦੇ ਨੇ ਪਰ ਦਿਲੋਂ ਨਫ਼ਰਤ ਕਰਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ ਹੁੰਦੀ। ਹਾਂ, ਗੌਅ ਭਨਾਵੇ ਜੌਂ। ਸਾਹਮਣੇ ਸੱਚ ਕੋਈ ਨਹੀਂ ਬੋਲਦਾ॥

**ਟਾਲ਼ਾ...**

ਟਾਲ਼ਾ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ। ਝਗੜੇ ਤੋਂ ਬਚੋ। ਸਾਕਾਰਾਤਮਿਕ ਰਹੋ। ਵਕਤ ਜਰੂਰ ਬਦਲੇਗਾ॥ ਟਾਲ਼ ਮਟੋਲ ਦੀ ਨੀਤੀ ਛੱਡੋ। ਵਿਸ਼ਵਾਸ਼ ਘਟਦੈ। ਤਰੱਕੀ ਦੇ ਦਰਵਾਜੇ ਬੰਦ ਹੁੰਦੇ ਜਾਂਦੇ ਨੇ॥ ਬੁਰੀ ਸੰਗਤ ਤੋਂ ਟਾਲ਼ਾ ਵੱਟਣਾ ਸ਼ੁਰੂ ਤਾਂ ਕਰੋ। ਚੰਗੀ ਸੰਗਤ ਦਾ ਹਿੱਸਾ ਜਲਦੀ ਬਨਣ ਲੱਗ ਪਵੋਂਗੇ॥ ਝੇਪ ਜਾਂ ਦਬਾਅ 'ਚ ਰਹਿ ਕੇ ਟਾਲ਼ਾ ਵੱਟਣ ਨਾਲੋਂ ਸ਼ਪੱਸ਼ਟ ਜੁਆਬ ਦੇਵੋ। ਖੱਟ ਪਟ ਤੋਂ ਬਚੇ ਰਹੋਂਗੇ॥

**ਲ਼ਲਕ...**

ਮਿਹਨਤੀ ਵਿਅਕਤੀ ਕੰਮ ਕਰਨ ਦੀ ਲ਼ਲਕ ਅਕਸਰ ਜਗਾਈ ਰੱਖਦੈ। ' ਕੰਮ ਹੀ ਪੂਜਾ ਹੈ ' ਦੇ ਸਲੋਗਨ ਨੂੰ ਕਦੀ ਨਹੀਂ ਭੁੱਲਦੇ॥ ਖਾਣ ਪੀਣ ਦੀ ਲ਼ਲਕ ਸ਼ਾਂਤ ਨਹੀਂ ਕਰੋਂਗੇ ਤਾਂ ਮੋਟਾਪਾ ਵਧਣਾ ਲਾਜ਼ਮੀ ਹੈ॥ ਤਰੱਕੀ ਕਰਨ ਦੀ ਲ਼ਲਕ ਬੰਦੇ ਅੰਦਰਲੇ ਸੁਫ਼ਨੇ ਕਦੀ ਮਰਨ ਨਹੀਂ ਦਿੰਦੀ।ਤੁਰੇ ਜਾਣ ਵਾਲਿਆਂ ਲਈ ਮੰਜ਼ਿਲ ਦੂਰ ਨਹੀਂ ਹੁੰਦੀ॥

**ਲੁੱਪਤ...**

ਹੰਕਾਰ ਅਤੇ ਲਾਲਚ ਨੂੰ ਸੋਚ 'ਚੋਂ ਲੁਪਤ ਕਰ ਲਿਆ ਤਾਂ ਸਮਝੋ ਜ਼ਿੰਦਗੀ ਸੌਖੀ ਹੋਣ ਲੱਗ ਪਵੇਗੀ। ਪੂਰੀ ਤਰਾਂ ਲੁਪਤ ਕਰ ਦਿੱਤਾ ਤਾਂ ਸਮਝੋ ਦੇਵਤਾ ਹੀ ਬਣ ਗਏ॥ ਲੋਭੀ ਮਨੁੱਖ ਨੇ ਅਖੋਤੀ ਤਰੱਕੀ ਦੇ ਚੱਕਰ 'ਚ ਅਨੇਕਾ ਪਸ਼ੂ ਪੰਛੀਆਂ ਦੀਆਂ ਪ੍ਰਜਾਤੀਆਂ ਹੀ ਲੁੱਪਤ ਕਰ ਦਿੱਤੀਆਂ। ਇਹ ਹਰਕਤ ਖੁੱਦ ਲਈ ਬੇਚੈਨੀ ਵਾਲਾ .ਮਹੌਲ ਸਹੇੜ ਰਹੀ ਹੈ॥ ਚਿੰਤਨ ਕਰੋ। ਦੁੱਖਦ ਪਲਾਂ ਨੂੰ ਲੁੱਪਤ ਕਰਕੇ ਹੀ ਸੁੱਖਦ ਪਲਾਂ ਨੂੰ ਕੈਸ਼ ਕੀਤਾ ਜਾ ਸਕਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਮੈਨੂੰ ਯਾਦ ਹੈ ਜਦੋਂ ਕਾਲਜ /ਯੂਨੀਵਰਸਿਟੀ ਵਿੱਚ ਪੜ੍ਹਦੀ ਸੀ ਤਾਂ ਅਕਸਰ ਸਹੇਲੀਆਂ ਨਾਲ ਬਦਲ ਕੇ ਸੂਟ ਪਾ ਲਈਦਾ ਸੀ





ਮੈਨੂੰ ਯਾਦ ਹੈ ਜਦੋਂ ਕਾਲਜ /ਯੂਨੀਵਰਸਿਟੀ ਵਿੱਚ ਪੜ੍ਹਦੀ ਸੀ ਤਾਂ ਅਕਸਰ ਸਹੇਲੀਆਂ ਨਾਲ ਬਦਲ ਕੇ ਸੂਟ ਪਾ ਲਈਦਾ ਸੀ। ਮੋਨੀਕਾ ਮਿਲੀ ਕੇ ਜਹੀ ਸਹੇਲੀ ਸੀ ਜਿਸ ਨਾਲ ਹਮੇਸ਼ਾ ਹੀ ਮੈਂ ਸੂਟ ਵਟਾ ਕੇ ਪਾਇਆ। ਸਾਨੂੰ ਤਾਂ ਸਾਰੇ ਕਹਿੰਦੇ ਵੀ ਇਹ ਸਨ ਕਿ ਤੁਸੀਂ ਇੱਕ ਦੂਜੇ ਤੇ ਸੂਟਾਂ ਵਿੱਚ ਸੋਹਣੀਆਂ ਲੱਗਦੀਆਂ ਹੋ। ਬੜੀ ਨਿਰਛਲ ਜਿਹੀ ਦੋਸਤੀ ਸੀ। ਜਿਸ ਵਿੱਚ ਕੋਈ ਭੇਦਭਾਵ ਨਹੀਂ ਸੀ ਕੋਈ ਫਰਕ ਨਹੀਂ ਸੀ ਤੇ ਨਾ ਹੀ ਕੋਈ ਦਿਖਾਵਾ ਸੀ। ਹੌਲੀ ਹੌਲੀ ਜ਼ਿੰਦਗੀ ਵਿੱਚੋਂ ਇਹ ਸਭ ਮਨਫੀ ਹੋ ਗਿਆ। ਇੱਕ ਸਮਾਂ ਅਜਿਹਾ ਆ ਗਿਆ ਜਦੋਂ ਸਹੇਲੀ ਦੇ ਨਾਂ ਤੇ ਕਹਿਣ ਨੂੰ ਕੋਈ ਇੱਕਾ ਦੁੱਕਾ ਨਾ ਹੀ ਬਚੇ ਹਨ। ਆਪਣੀਆਂ ਹਮ ਉਮਰ ਅਧਿਆਪਕਾਂ ਦੇ ਰਿਟਾਇਰ ਹੋ ਜਾਣ ਜਾਂ ਬਦਲ ਜਾਣ ਤੋਂ ਬਾਅਦ ਹੁਣ ਕੋਈ ਹਰਪ੍ਰੀਤ ਕਹਿਣ ਵਾਲਾ ਵੀ ਨਹੀਂ। ਬੇਸ਼ੱਕ ਸਾਰੇ ਮੈਡਮ ਕਹਿ ਕੇ ਇੱਜ਼ਤ ਦਿੰਦੇ ਹਨ ਪਰ ਜੋ ਅਪਣੱਤ ਏ ਹਰਪ੍ਰੀਤ ਵਿੱਚ ਹੈ ਉਹ ਵੱਖਰੀ ਹੀ ਹੈ। ਜ਼ਿੰਦਗੀ ਵਿੱਚ ਖਾਲੀਪਣ ਕਿਵੇਂ ਆਪਣਾ ਘੇਰਾ ਬਣਾਉਂਦਾ ਹੈ ਪਤਾ ਹੀ ਨਹੀਂ ਲੱਗਦਾ। ਪਿਤਾ ਜੀ ਦੇ ਜਾਣ ਤੋਂ ਬਾਅਦ "ਉਅ ਸਿੰਮੇ" ਸੁਣਨ ਨੂੰ ਤਰਸ ਗਈ।

ਸੁਖਜੀਤ ਮੈਡਮ ਹਰਪ੍ਰੀਤ ਡੀਪੀ ਤੇ ਫਿਰ ਸੁਮਨ ਦੇ ਜਾਣ ਤੋਂ ਬਾਅਦ ਕਦੇ ਕਿਸੇ ਨੇ "ਏ ਹਰਪ੍ਰੀਤ ਇਧਰ ਆ" ਨਹੀਂ ਕਿਹਾ।

ਪਰ ਕਦੀ ਕਦੀ ਮਾਰੂਥਲ ਵਿੱਚ ਵੀ ਵਰਖਾ ਹੁੰਦੀ ਹੈ ਤੇ ਮਾਰੂਥਲ ਦੇ ਸੀਨੇ ਨੂੰ ਠੰਡ ਪੈ ਜਾਂਦੀ ਹੈ। ਨਵਨੀਤ ਮੈਡਮ ਤਾਂ ਇੱਕ ਸੂਟ ਮੈਨੂੰ ਬਹੁਤ ਸੋਹਣਾ ਲੱਗਾ। ਮੈਂ ਡਿਜ਼ਾਇਨ ਲਈ ਮੰਗ ਲਿਆ। ਘਰ ਆ ਕੇ ਇੱਕ ਵਾਰ ਪਾ ਕੇ ਦੇਖਿਆ ਤਾਂ ਫਿਟਿੰਗ ਪ੍ਰੋਪਰ ਸੀ। ਫਿਰ ਕੀ ਸੀ ਦੂਜੇ ਦਿਨ ਜਦੋਂ ਮੈਂ ਉਹਨਾਂ ਨੂੰ ਪੁੱਛਣਾ ਚਾਹਿਆ ਕਿ ਤੁਹਾਡਾ ਸੂਟ ਪਾ ਲਵਾਂ ਤਾਂ ਉਹਨਾਂ ਨੇ ਪਹਿਲਾਂ ਹੀ ਕਹਿ ਦਿੱਤਾ ਕਿ ਇੱਕ ਵਾਰ ਪਹਿਨ ਜਰੂਰ ਲਓ। ਬਸ ਫਿਰ ਕੀ ਸੀ ਸਵੇਰੇ ਸਹੇਲੀ ਦਾ ਸੂਟ ਪਾ ਤਿਆਰ ਹੋਈ ਤੇ ਫਿਰ ਉਹ ਕਾਲਜ ਦੇ ਦਿਨ ਯਾਦ ਆ ਗਏ। ਯਕੀਨ ਮੰਨੋ ਮਹਿੰਗੇ ਤੋਂ ਮਹਿੰਗੇ ਸੂਟ ਪਾ ਕੇ ਵੀ ਉਹ ਖੁਸ਼ੀ ਕਦੇ ਮਹਿਸੂਸ ਨਹੀਂ ਹੋਈ ਜੋ ਅੱਜ ਆਪਣੀ ਸਹੇਲੀ ਦਾ ਸੂਟ ਪਾ ਕੇ ਮਹਿਸੂਸ ਹੋਈ। ਇਹਨਾਂ ਖੁਸ਼ੀਆਂ ਦਾ ਕੋਈ ਮੁੱਲ ਨਹੀਂ ਹੁੰਦਾ। ਇਹ ਉਹ ਸਾਂਝ ਹੈ ਜੋ ਤੁਹਾਨੂੰ ਮਹਿਸੂਸ ਕਰਾਉਂਦੀ ਹੈ ਕਿ ਕੋਈ ਤੁਹਾਡਾ ਆਪਣਾ ਹੈ। ਇਹਨਾਂ ਨਜ਼ਦੀਕ ਦਾ ਰਿਸ਼ਤਾ ਜਿੱਥੇ ਤੁਸੀਂ ਕੱਪੜੇ ਵਟਾ ਕੇ ਪਾ ਲੈਂਦੇ ਹੋ। ਕੋਈ ਵਿਖਾਵਾ ਨਹੀਂ ਹੈ। ਸਿਰਫ ਤੇ ਸਿਰਫ ਮੁਹੱਬਤ ਹੈ।

ਜ਼ਿੰਦਗੀ ਅੱਜ ਫੇਰ ਖੁਸ਼ਗਵਾਰ ਜਿਹੀ ਲੱਗੀ। ਸ਼ੁਕਰੀਆ ਮੇਰੀ ਪਿਆਰੀ ਸਹੇਲੀ ਨਵਨੀਤ ਦਾ ਜਿਸਨੇ ਅੱਜ ਮੁੜ ਇਸ ਅਹਿਸਾਸ ਨੂੰ ਤਰੋ ਤਾਜ਼ਾ ਕਰ ਦਿੱਤਾ।

ਅੱਛਾ ਇਹ ਸੂਟ ਹੁਣ ਮੈਂ ਵਾਪਸ ਨਹੀਂ ਦੇਣਾ

## ਹੁਸ਼ਿਆਰ ਹੋਣਾ ਬਹੁਤ ਚੰਗੀ ਗੱਲ ਹੈ ਪਰ ਦੂਜਿਆਂ ਨੂੰ ਮੂਰਖ ਸਮਝਣਾ ਸਭ ਤੋਂ ਵੱਡੀ ਮੂਰਖਤਾ ਹੈ...!!



ਹੁਸ਼ਿਆਰ ਹੋਣਾ ਬਹੁਤ ਚੰਗੀ ਗੱਲ ਹੈ ਪਰ ਦੂਜਿਆਂ ਨੂੰ ਮੂਰਖ ਸਮਝਣਾ ਸਭ ਤੋਂ ਵੱਡੀ ਮੂਰਖਤਾ ਹੈ...!! ਆਪਣੀ ਹੁਸ਼ਿਆਰੀ ਜਾਂ ਬੁੱਧੀ ਨੂੰ ਚੰਗੇ ਕੰਮਾਂ ਲਈ ਆਪਣੇ ਜੀਵਨ ਨੂੰ ਸੁੱਖੀ ਅਤੇ ਵਧੀਆ ਬਣਾਉਣ ਲਈ ਵਰਤੋ ਤੁਹਾਡੀ ਹੁਸ਼ਿਆਰੀ ਇਸ ਤਰ੍ਹਾਂ ਦੀ ਹੋਵੇ ਕਿ ਕੋਈ ਵੀ ਤੁਹਾਨੂੰ ਮੂਰਖ ਨਾ ਬਣਾ ਸਕੇ ਪਰ ਇਸਦੇ ਉੱਲਟ ਇਹ ਨਾ ਹੋਵੇ ਕਿ ਤੁਸੀਂ ਹੁਸ਼ਿਆਰ ਹੋ ਤਾਂ ਲੋਕਾਂ ਨੂੰ ਹੀ ਮੂਰਖ ਬਣਾਈ ਜਾਓ ਇਹ ਮਾੜੀ ਗੱਲ ਹੈ । ਪ੍ਰਮਾਤਮਾ ਸਾਨੂੰ ਬੁੱਧੀ ਬਖਸ਼ਦਾ ਹੈ ਕਿ ਇਸ ਬੁੱਧੀ ਦੇ ਇਸਤੇਮਾਲ ਨਾਲ ਅਸੀਂ ਆਪਣਾ ਜੀਵਨ ਸੋਹਣਾ ਬਣਾਈਏ ਅਤੇ ਆਪਣੇ ਸਮਾਜ ਆਪਣੇ ਦੇਸ਼ ਲਈ ਕੁੱਝ ਕਰੀਏ ,ਸਾਡਾ ਬੁੱਧੀਮਾਨ ,ਹੁਸ਼ਿਆਰ ਹੋਣ ਦੀ ਸਮਾਜ ਨੂੰ ਕੋਈ ਦੇਣ ਹੋਵੇ ,ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਅਸੀਂ ਆਪਣੀ ਹੁਸ਼ਿਆਰੀ ਬੁੱਧੀ ਨਾਲ ਕਿਸੇ ਦਾ ਮਾੜਾ ਸੋਚੀਏ ਅਤੇ ਕਰਦੇ ਫਿਰੀਏ ,ਮੈਨੂੰ ਕਿਸੇ ਨੇ ਗੱਲ ਸੁਣਾਈ ਕਿ ਇੱਕ ਬੰਦੇ ਨੇ ਆਪਣੇ ਪਰਿਵਾਰ ਵਿੱਚ ਹੀ ਇੱਕ ਵਿਅਕਤੀ ਨਾਲ ਏਨਾ ਮਾੜਾ ਕੀਤਾ ਕਿ ਉਹ ਵਿਚਾਰਾ ਭੋਲਾ ਸੀ ਉਸਦਾ ਨਵਾਂ ਨਵਾਂ ਵਿਆਹ ਹੋਇਆ ਕਦੀ ਉਹਨੂੰ ਬੁੱਲੇਟ ਮੋਟਰਸਾਈਕਲ ਕਢਵਾ ਦਿੱਤਾ ਓਹ ਚਾਰ ਕੁ ਦਿਨ ਦੋਵੇਂ ਜੀਅ ਨਵੇਂ ਵਿਆਹ ਦੇ ਚਾਅ ਵਿੱਚ ਬੁੱਲੇਟ ਤੇ ਗੇੜੀਆਂ ਲਾਉਂਦੇ ਰਹੇ ,ਹੌਲੀ ਹੌਲੀ ਇਹੋ ਜਿਹੀਆਂ ਚੀਜ਼ਾਂ ਲੈਕੇ ਦਿੰਦੇ ਦਿੰਦੇ ਨੇ ਸਾਰੀ ਪੈਲੀ ਆਪਣੇ ਨਾਂ ਲਗਵਾ ਛੱਡੀ , ਉਹਨਾਂ ਨੂੰ ਤੇ ਕੰਗਾਲ ਕਰਤਾ ਓਹ ਭਲਾ ਆਦਮੀ ਹੁਣ ਦਿਹਾੜੀ ਕਰਦਾ ਫਿਰਦਾ ਜੋ ਕੁੱਝ ਸੀ ਚਲਾਕ ਨੇ ਆਪਣੇ ਨਾਂ ਲਗਵਾ ਲਿਆ ਅਤੇ ਹੁਸ਼ਿਆਰ ਦਾ ਆਪਣਾ ਹਾਲ ਹੁਣ ਇਹੋ ਜਿਹਾ ਕਿ ਛੋਟੀ ਉਮਰ ਵਿੱਚ ਹੀ ਹੁਣ ਹਸਪਤਾਲ ਦੇ ਮੰਜੇ ਤੇ ਪਿਆ,ਹੁਣ ਰੱਬ ਨੂੰ ਯਾਦ ਕਰੀ ਜਾਵੇ ਤਾਂ ਕੀ ਫਾਇਦਾ ਜਦੋਂ ਅੱਗਾ ਨੇੜੇ ਆਇਆ ਹੋਵੇ ਸੋ ਬੁੱਧੀ ਹੁਸ਼ਿਆਰੀ ਪ੍ਰਮਾਤਮਾ ਦੀ ਬਖਸ਼ੀ ਹੋਈ ਆ ਇਸਨੂੰ ਆਪਣੇ ਅਤੇ ਸਮਾਜ ਦੇ ਭਲੇ ਲਈ ਵਰਤੋ ਜਿਸ ਨਾਲ ਤੁਸੀਂ ਵਧੀਕੀ ਕਰਦੇ ਹੋ ਉਹ ਭੋਲਾ ਹੋ ਸਕਦਾ ਤੇ ਜਿੰਨੇ ਤੈਨੂੰ ਬਣਾਇਆ,ਪੈਦਾ ਕੀਤਾ, ਜਿਸਨੇ ਤੈਨੂੰ ਹੁਸ਼ਿਆਰੀ ਬਖਸ਼ੀ ਕੀ ਉਹ ਤੈਨੂੰ ਸਮਝਦਾ ਨਹੀਂ ?ਉਸਦੇ ਅੱਗੇ ਤੇਰੀ ਕੀ ਹਸਤੀ ਉਹ ਪਲ ਵਿੱਚ ਤੈਨੂੰ ਖਤਮ ਕਰ ਸਕਦਾ ਹੈ ਸੋ ਉਸਦੀ ਹੋਂਦ ਨੂੰ ਮਨੁੱਖ ਨੂੰ ਕਦੇ ਅਣਗੌਲਿਆਂ ਨਹੀਂ ਕਰਨਾ ਚਾਹੀਦਾ ,ਸਭ ਕੁੱਝ ਦੇਣ ਵਾਲਾ ਉਹ ਪ੍ਰਮਾਤਮਾ ਹੈ।

✍️ਹਰਵਿੰਦਰ ਕੌਰ ਕਾਹਲੋਂ

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਪਲੇਸਮੈਂਟ ਡਰਾਈਵ ਦੌਰਾਨ ਵਿਦਿਆਰਥੀਆਂ ਨੂੰ ਆਫਰ ਲੈਟਰ ਵੰਡੇ ਗਏ



ਤਰਨ ਤਾਰਨ,ਚੋਹਲਾ ਸਾਹਿਬ,ਫਰੀਦਕੋਟ, 24 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਫਰੀਦਕੋਟ, 24 ਅਪ੍ਰੈਲ 2026: ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ, ਫਰੀਦਕੋਟ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨਿਰਮਾਣ ਵੱਲ ਇਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ ਹੈਲਥ ਸਕਿਲ ਡਿਵੈਲਪਮੈਂਟ ਸੈਂਟਰ (HSDC) ਰਾਹੀਂ ਆਯੋਜਿਤ ਪਲੇਸਮੈਂਟ ਡਰਾਈਵ ਵਿੱਚ ਚੁਣੇ ਗਏ ਵਿਦਿਆਰਥੀਆਂ ਨੂੰ ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ ਨੇ ਆਪਣੇ ਹੱਥੀਂ ਆਫਰ ਲੈਟਰ ਸੌਂਪੇ।

ਇਹ ਪਲੇਸਮੈਂਟ ਡਰਾਈਵ 20 ਅਪ੍ਰੈਲ 2026 ਨੂੰ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ 70 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਵਿੱਚੋਂ 34 ਵਿਦਿਆਰਥੀਆਂ ਨੂੰ ਆਕਰਸ਼ਕ ਤਨਖਾਹ ਅਤੇ ਹੋਰ ਸੁਵਿਧਾਵਾਂ ਸਮੇਤ ਆਫਰ ਲੈਟਰ ਪ੍ਰਾਪਤ ਹੋਏ। ਖ਼ਾਸ ਗੱਲ ਇਹ ਰਹੀ ਕਿ ਬੀ.ਐਸ.ਸੀ. ਆਪਟੋਮੈਟਰੀ ਦੇ 3 ਵਿਦਿਆਰਥੀਆਂ ਨੂੰ ਵੀ ਇੱਕ ਪ੍ਰਸਿੱਧ ਕੰਪਨੀ ਵਿੱਚ ਨੌਕਰੀ ਪ੍ਰਾਪਤ ਹੋਈ।

ਆਪਣੇ ਸੰਦੇਸ਼ ਵਿੱਚ ਪ੍ਰੋ. (ਡਾ.) ਰਾਜੀਵ ਸੂਦ ਨੇ ਕਿਹਾ ਕਿ ਬੀਐਫਯੂਐੱਚਐਸ ਦਾ ਹੈਲਥ ਸਕਿਲ ਡਿਵੈਲਪਮੈਂਟ ਸੈਂਟਰ ਵੱਖ-ਵੱਖ ਹਸਪਤਾਲਾਂ ਦੇ ਸਹਿਯੋਗ ਨਾਲ ਚਲ ਰਹੇ ਸਕਿਲ ਕੋਰਸਾਂ ਰਾਹੀਂ ਨੌਜਵਾਨਾਂ ਨੂੰ ਰੋਜ਼ਗਾਰਯੋਗ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਕੋਰਸ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ (PSDM) ਦੇ ਅਧੀਨ ਚਲਾਏ ਜਾਂਦੇ ਹਨ ਅਤੇ ਵਿਦਿਆਰਥੀਆਂ ਲਈ ਪੂਰੀ ਤਰ੍ਹਾਂ ਮੁਫ਼ਤ ਹਨ।

ਉਨ੍ਹਾਂ ਹੋਰ ਦੱਸਿਆ ਕਿ ਬੀਐਫਯੂਐੱਚਐਸ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਹੋਰ ਪਲੇਸਮੈਂਟ ਡਰਾਈਵਾਂ ਆਯੋਜਿਤ ਕੀਤੀਆਂ ਜਾਣਗੀਆਂ। ਇਸ ਸਮੇਂ ਪੀਐਸਡੀਐੱਮ ਪੰਜਾਬ ਵੱਲੋਂ ਜੇਰੀਆਟ੍ਰਿਕ ਕੇਅਰ ਗਿਵਰ ਕੋਰਸ ਲਈ 300 ਵਿਦਿਆਰਥੀਆਂ ਦਾ ਟਾਰਗੇਟ ਦਿੱਤਾ ਗਿਆ ਹੈ, ਜਿਸ ਲਈ ਦਾਖਲਾ ਪ੍ਰਕਿਰਿਆ ਜਾਰੀ ਹੈ ਅਤੇ ਜਲਦ ਹੀ ਕਾਊਂਸਲਿੰਗ ਕਰਵਾਈ ਜਾਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਯੂਨੀਵਰਸਿਟੀ ਦੀ ਇਹ ਪਹਲ ਫਰੀਦਕੋਟ ਅਤੇ ਨੇੜਲੇ ਇਲਾਕਿਆਂ ਦੇ ਲੋਕਾਂ ਲਈ ਲਾਭਦਾਇਕ ਸਾਬਤ ਹੋ ਰਹੀ ਹੈ।

ਆਫਰ ਲੈਟਰ ਪ੍ਰਾਪਤ ਕਰਦੇ ਸਮੇਂ ਵਿਦਿਆਰਥੀਆਂ ਨੇ ਖੁਸ਼ੀ ਜਾਹਿਰ ਕਰਦੇ ਹੋਏ ਇਸਨੂੰ ਆਪਣੇ ਕਰੀਅਰ ਦੀ ਸ਼ੁਰੂਆਤ ਦੱਸਿਆ।

ਇਸ ਮੌਕੇ ਡਾ. ਜਸਬੀਰ ਕੌਰ, ਪ੍ਰਿੰਸੀਪਲ, ਯੂਨੀਵਰਸਿਟੀ ਇੰਸਟੀਚਿਊਟ ਆਫ ਐਲਾਇਡ ਐਂਡ ਹੈਲਥ ਕੇਅਰ ਸਾਇੰਸਜ਼, ਫਰੀਦਕੋਟ; ਮਿਸਿਜ਼ ਰੀਵਾ ਸੂਦ; ਸ਼੍ਰੀ ਸਮੀਰ ਕਾਂਤ ਆਹੂਜਾ; ਡਾ. ਅਰਚਨਾ ਸ਼ਾਹੀ, ਨੋਡਲ ਅਫਸਰ HSDC ਫਰੀਦਕੋਟ; ਡਾ. ਅਨੁਭਵ, ਅਸਿਸਟੈਂਟ ਪ੍ਰੋਫੈਸਰ; ਡਾ. ਸੁਮਰੀਨ ਭਾਟੀਆ, ਰਿਸਰਚ ਅਫਸਰ (ਹਸਪਤਾਲ ਐਡਮਿਨਿਸਟ੍ਰੇਸ਼ਨ); ਅਤੇ ਮਿਸ ਹਰਪ੍ਰੀਤ ਕੌਰ, ਟ੍ਰੇਨਰ (ਜੇਰੀਆਟ੍ਰਿਕ ਕੇਅਰ ਗਿਵਰ ਕੋਰਸ) ਵੀ ਹਾਜ਼ਰ ਸਨ।

# ਜ਼ਿਲ੍ਹੇ ਅੰਦਰ ਅੱਜ ਤੋਂ 30 ਅਪ੍ਰੈਲ ਤੱਕ ਮਨਾਇਆ ਜਾਵੇਗਾ ਵਿਸ਼ਵ ਟੀਕਾਕਰਨ ਹਫ਼ਤਾ



ਟੀਕਾਕਰਨ ਕੈਂਪਾਂ ਦਾ ਵੱਧ ਤੋ ਵੱਧ ਲਾਭ ਲੈਣ ਲਾਭਪਾਤਰੀ - ਡਾ. ਗੁਰਪ੍ਰੀਤ ਸਿੰਘ ਰਾਏ |

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 23 ਅਪ੍ਰੈਲ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਵਰਿੰਦਰਪਾਲ ਕੌਰ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਅੰਦਰ 24 ਅਪ੍ਰੈਲ ਤੋ 30 ਅਪ੍ਰੈਲ 2026 ਤੱਕ ਵਿਸ਼ਵ ਟੀਕਾਕਰਨ ਹਫ਼ਤਾ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਇਸ ਦੌਰਾਨ ਸਿਹਤ ਵਿਭਾਗ ਦੇ ਕਰਮਚਾਰੀ ਘਰ-ਘਰ ਜਾ ਕੇ ਵੀ ਲੋਕਾਂ ਨੂੰ ਟੀਕਾਕਰਨ ਬਾਰੇ ਪ੍ਰੇਰਿਤ ਕਰਨਗੇ। ਡਾ. ਰਾਏ ਵੱਲੋ ਸਮੂਹ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਇਹ ਸਾਰੀਆ ਗਤੀਵਿਧੀਆਂ ਸੁਚੱਜੇ ਢੰਗ ਨਾਲ ਕਰਵਾਈਆਂ ਜਾਣ ਅਤੇ ਸਬੰਧਿਤ ਰਿਪੋਰਟਾਂ ਸਮੇ ਸਿਰ ਜ਼ਿਲ੍ਹਾ ਹੈੱਡਕੁਆਟਰ 'ਤੇ ਭੇਜਣੀਆਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਸਮੇਂ ਸਿਰ ਟੀਕਾਕਰਨ ਕਰਵਾਉਣ ਅਤੇ ਇਸ ਮੁਹਿੰਮ ਨੂੰ ਸਫਲ ਬਣਾਉਣ ਵਿਚ ਸਿਹਤ ਵਿਭਾਗ ਦਾ ਸਹਿਯੋਗ ਦੇਣ। ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਡਾ. ਵਰਿੰਦਰਪਾਲ ਕੌਰ ਨੇ ਦੱਸਿਆ ਕਿ ਇਸ ਟੀਕਾਕਰਨ ਮੁਹਿੰਮ ਦਾ ਮੁੱਖ ਮੰਤਵ ਆਮ ਲੋਕਾ ਨੂੰ ਟੀਕਾਕਰਨ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਅਤੇ ਟੀਕਿਆਂ ਰਾਹੀ ਰੋਕੀਆਂ ਜਾ ਸਕਣ ਵਾਲੀਆਂ ਬਿਮਾਰੀਆਂ ਤੋ ਬਚਾਅ ਲਈ ਸਮੂਹਿਕ ਯਤਨਾਂ ਨੂੰ ਤੇਜ਼ ਕਰਨਾ ਹੈ। ਉਨਾਂ ਦੱਸਿਆ ਕਿ ਇਸ ਹਫ਼ਤੇ ਦੌਰਾਨ ਉੱਚ ਜੋਖਮ ਵਾਲੇ ਸਾਰੇ ਖੇਤਰਾ ਵਿਚ ਵਿਸ਼ੇਸ਼ ਕੈਂਪ ਲਗਾਏ ਜਾਣਗੇ ਅਤੇ ਜਾਗਰੂਕਤਾ ਸਰਗਰਮੀਆ ਕੀਤੀਆਂ ਜਾਣਗੀਆਂ। ਇਨ੍ਹਾਂ ਕੈਂਪਾਂ ਜ਼ਰੀਏ ਵਿਸ਼ੇਸ਼ ਤੌਰ 'ਤੇ ਪ੍ਰਵਾਸੀ ਆਬਾਦੀ ਵਾਲੇ ਖੇਤਰਾਂ ਝੁੱਗੀਆਂ, ਬਸਤੀਆਂ, ਸਲੱਮ ਏਰੀਏ ਅਤੇ ਭੱਠੇ ਆਦਿ ਵਿਚ ਰਹਿਣ ਵਾਲੀਆਂ ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਦਾ ਟੀਕਾਕਰਨ ਕਰਨਾ ਯਕੀਨੀ ਬਣਾਇਆ ਜਾਵੇਗਾ। ਡਾ. ਵਰਿੰਦਰਪਾਲ ਕੌਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰੀ ਖੇਤਰਾਂ ਅਤੇ ਪ੍ਰਵਾਸੀ ਅਬਾਦੀ ਵਾਲੇ ਇਲਾਕਿਆਂ ਵਿਚ ਟੀਕਾਕਰਨ ਕਵਰੇਜ ਵਧਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ ਤਾਂ ਕਿ ਕੋਈ ਵੀ ਬੱਚਾ ਜਾਂ ਗਰਭਵਤੀ ਔਰਤ ਟੀਕਾਕਰਨ ਤੋਂ ਵਾਂਝਾ ਨਾ ਰਹੇ। ਇਸ ਸਬੰਧੀ ਜਾਗਰੂਕਤਾ ਵਧਾਉਣ ਲਈ ਆਈ.ਈ.ਸੀ ਗਤੀਵਿਧੀਆਂ ਰਾਂਹੀ ਗੁਰਦੁਆਰਿਆਂ/ਮੰਦਰਾਂ ਵਿਚ ਅਨਾਊਂਸਮੈਂਟਾਂ ਕਰਵਾਈਆਂ ਜਾਣ, ਤੋ ਜੋ ਆਮ ਲੋਕਾਂ ਨੂੰ ਇਸ ਵਿਸ਼ੇਸ਼ ਟੀਕਾਕਰਨ ਮੁਹਿੰਮ ਸਬੰਧੀ ਜਾਗਰੂਕ ਕੀਤਾ ਜਾ ਸਕੇ । ਇਸ ਮੌਕੇ ਜ਼ਿਲ੍ਹਾ ਐਪੀਡਿਮੋਲੋਜਿਸਟ ਡਾ. ਰਣਦੀਪ ਸਿੰਘ , ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੁਖਵੰਤ ਸਿੰਘ ਸਿੱਧੂ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਬਲਜਿੰਦਰ ਕੌਰ ਅਤੇ ਐਲ.ਐਚ.ਵੀ ਰਜਵੰਤ ਕੌਰ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲ ਮਲਕੋਂ ਵਿਖੇ 'ਤ੍ਰਿਤੀਆ ਸੋਪਾਨ' ਕੈਂਪ ਯਾਦਗਾਰੀ ਹੋ ਨਿਬੜਿਆ



ਕੈਂਪ ਦੌਰਾਨ 103 ਸਕਾਊਟਸ ਤੇ ਗਾਈਡਜ਼ ਨੇ ਲਿਆ ਉਤਸਾਹ ਨਾਲ ਭਾਗ। |

ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਭਾਰਤ ਸਕਾਊਟਸ ਐਂਡ ਗਾਈਡਜ਼ ਪੰਜਾਬ ਦੇ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਉਂਕਾਰ ਸਿੰਘ ਦੀਆਂ ਹਦਾਇਤਾਂ ਅਨੁਸਾਰ , ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.) ਮੈਡਮ ਨੀਲਮ ਰਾਣੀ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.) ਡਾ. ਪਰਮਜੀਤ ਸਿੰਘ ਭੋਗਲ ਦੇ ਸਹਿਯੋਗ ਨਾਲ ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ ਦਰਸ਼ਨ ਸਿੰਘ ਬਰੇਟਾ ਦੀ ਦਿਸ਼ਾ ਨਿਰਦੇਸ਼ਾਂ ਵਿੱਚ ਸਰਕਾਰੀ ਸਮਾਰਟ ਹਾਈ ਸਕੂਲ ਮਲਕੋਂ ਵਿਖੇ ਚਾਰ ਰੋਜ਼ਾ ਸਕਾਊਟ ਤੇ ਗਾਈਡ ਤ੍ਰਿਤੀਆ ਸੋਪਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਭਰਪੂਰ ਸਹਿਯੋਗ ਸਦਕਾ ਯਾਦਗਾਰੀ ਪੈੜਾਂ ਛੱਡਦਾ ਸੰਪੰਨ ਹੋਇਆ। ਨਿਰਲੇਪ ਕੌਰ ਡੀ.ਓ.ਸੀ.(ਗ), ਜਸਮੇਲ ਸਿੰਘ ਸਕਾਊਟ ਮਾਸਟਰ, ਗੁਰਵਿੰਦਰ ਕੌਰ ਗਾਈਡ ਕੈਪਟਨ ਅਤੇ ਅੰਮ੍ਰਿਤਪਾਲ ਕੌਰ ਗਾਈਡ ਕੈਪਟਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਪ੍ਰਵੇਸ਼ ਤੋਂ ਤ੍ਰਿਤੀਆ ਸੋਪਾਨ ਸਕਾਊਟਿੰਗ ਸਿਲੇਬਸ, ਮੁੱਢਲੀ ਸਹਾਇਤਾ, ਰੱਸੀ ਦੀਆਂ ਗੰਢਾਂ ਦੇ ਸਦ ਉਪਯੋਗ ਬਾਰੇ ਜਾਣਕਾਰੀ, ਪੈਟਰੋਲ ਸਿਸਟਮ , ਪੈਟਰੋਲ ਕਾਰਨਰ,ਮੀਟਿੰਗ, ਵੁੱਡ ਕਰਾਫਟ ਸਾਈਨ, ਸਮਾਜ ਸੇਵਾ ਅਤੇ ਪਹਾੜੀ ਅਤੇ ਸਮਤਲ ਥਾਂਵਾਂ ਉੱਪਰ ਟੈਂਟ ਦੀ ਯੋਗ ਵਰਤੋਂ ਵਾਰੇ ਗਤੀਵਿਧੀਆਂ ਕਰਵਾਈਆਂ ਗਈਆਂ। ਸਕਾਊਟਿੰਗ ਦੀਆਂ ਇਹ ਗਤੀਵਿਧੀਆਂ ਰੌਚਕ ਅਤੇ ਸਿੱਖਿਆਦਾਇਕ ਬਣੀਆ ਰਹੀਆਂ।

ਕੈਂਪ ਦੇ ਤੀਜੇ ਦਿਨ

ਵਿਦਿਆਰਥੀਆਂ ਨੇ ਵੱਖ ਵੱਖ ਗਤੀਵਿਧੀਆਂ ਰਾਹੀਂ ਛੇ ਟੈਂਟ ਬਣਾ ਕੇ ਤਿੰਨ ਪੁਜੀਸ਼ਨਾਂ ਹਾਸਲ ਕੀਤੀਆਂ। ਇਸ ਕੈਂਪ ਰਾਹੀਂ ਵਿਦਿਆਰਥੀਆਂ ਅੰਦਰ ਸਹਿਣਸ਼ੀਲਤਾ, ਸਰਵ ਸੰਤੋਖ , ਸਮੂਹ ਵਿੱਚ ਕਾਰਜ ਕਰਨ ਦੀ ਕਲਾ ਅਤੇ ਸੰਵੇਦਨਸ਼ੀਲਤਾ ਦੀ ਝਲਕ ਵੇਖੀ ਗਈ।ਇਸ ਕੈਂਪ ਵਿੱਚ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।

ਵਿਦਿਆਰਥੀਆਂ ਦੀ ਦੇਖ ਰੇਖ ਅਤੇ ਸਕਾਊਟ ਗਤੀਵਿਧੀਆਂ ਕਰਵਾਉਣ ਲਈ ਸਕੂਲ ਮੁਖੀ ਗੁਰਵਿੰਦਰ ਸਿੰਘ, ਅਧਿਆਪਕ ਹਰਵਿੰਦਰ ਸਿੰਘ, ਗੁਰਪ੍ਰੀਤ ਕੌਰ, ਸਰੂ ਮਿੱਤਲ ਅਤੇ ਮੰਜੂ ਦੇਵੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਨਾਮ ਜੇਤੂ ਪੈਟਰੋਲਾਂ ਨੂੰ ਗਿਆਨ ਵਰਧਕ ਯੈਲਾਂ ਨਾਲ ਸਨਮਾਨਿਤ ਕੀਤਾ ਗਿਆ।

# ਸਿਵਲ ਡਿਫੈਂਸ ਵੱਲੋਂ ਕੀਤੀ ਜਾਵੇਗੀ ਬਲੈਕਆਊਟ ਮੌਕ ਡਰਿੱਲ - ਡਿਪਟੀ ਕਮਿਸ਼ਨਰ



ਗੁਰਪ੍ਰੀਤ ਸਿੰਘ ਸਿੰਘ ਕੱਦ ਗਿੱਲ

ਤਰਨ ਤਾਰਨ, 23 ਅਪ੍ਰੈਲ

ਗ੍ਰਿਹ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਅਤੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ 24 ਅਪ੍ਰੈਲ, 2026 ਨੂੰ ਰਾਤ 8 ਵਜੇ ਜ਼ਿਲ੍ਹਾ ਤਰਨ ਤਾਰਨ ਵਿਖੇ ਸਿਵਲ ਡਿਫੈਂਸ ਏਅਰ ਰੇਡ/ਬਲੈਕਆਊਟ ਮੌਕ ਡਰਿੱਲ ਕਰਵਾਈ ਜਾ ਰਹੀ ਹੈ। ਇਹ ਮੌਕ ਡਰਿੱਲ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਸਿਵਲ ਡਿਫੈਂਸ ਦੀ ਤਿਆਰੀ ਦੀ ਜਾਂਚ ਕਰਨ ਲਈ ਕੀਤੀ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਦੱਸਿਆ ਕਿ ਮੌਕ ਐਕਸਰਸਾਈਜ਼ ਏਅਰ ਰੇਡ ਚੇਤਾਵਨੀ ਸਿਗਨਲ ਨਾਲ ਸ਼ੁਰੂ ਹੋਵੇਗੀ, ਜੋ ਸਾਇਰਨਾਂ ਰਾਹੀਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕ ਡਰਿੱਲ ਦੌਰਾਨ ਬਿਜਲੀ ਵਿਭਾਗ ਵੱਲੋਂ ਬਿਜਲੀ ਸਪਲਾਈ ਨੂੰ ਕੁਝ ਸਮੇਂ ਲਈ ਬੰਦ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਰੀਬ 15 ਮਿੰਟ ਦੇ ਇਸ ਬਲੈਕਆਊਟ ਦੌਰਾਨ ਨਿਰਧਾਰਤ ਖੇਤਰਾਂ ਵਿਚ ਆਮ ਜਨਤਾ ਵੱਲੋਂ ਸਾਰੀਆਂ ਗੈਰ-ਜ਼ਰੂਰੀ ਬੱਤੀਆਂ ਬੰਦ ਕੀਤੀਆਂ ਜਾਣਗੀਆਂ, ਹਾਲਾਂਕਿ, ਜ਼ਰੂਰੀ ਸੇਵਾਵਾਂ ਇਸ ਦੌਰਾਨ ਚੱਲਦੀਆਂ ਰਹਿਣਗੀਆਂ।ਉਨ੍ਹਾਂ ਦੱਸਿਆ ਕਿ ਮੌਕ ਡਰਿੱਲ ਸਮਾਪਤ ਹੋਣ ਉਪਰੰਤ "ਆਲ ਕਲੀਅਰ" ਸਿਗਨਲ (2 ਮਿੰਟ ਲਈ ਲਗਾਤਾਰ ਉੱਚ ਧੁਨੀ ਵਾਲਾ ਸਾਇਰਨ) ਦਿੱਤਾ ਜਾਵੇਗਾ, ਜੋ ਇਸ ਡਰਿੱਲ ਦੇ ਖ਼ਤਮ ਹੋਣ ਦਾ ਸੰਕੇਤ ਹੋਵੇਗਾ।ਉਨ੍ਹਾਂ ਦੱਸਿਆ ਕਿ ਇਸ ਮੌਕ ਅਭਿਆਸ ਦੌਰਾਨ ਅੱਗ ਬੁਝਾਊ ਕਾਰਵਾਈ, ਬਚਾਅ ਅਤੇ ਰਾਹਤ ਕਾਰਜ, ਫਸਟ ਏਡ ਅਤੇ ਮੈਡੀਕਲ ਸਹਾਇਤਾ, ਜ਼ਖ਼ਮੀਆਂ ਦੀ ਢੁਆਈ, ਟ੍ਰੈਫਿਕ ਅਤੇ ਭੀੜ ਨਿਯੰਤਰਣ ਦੇ ਉਪਾਵਾਂ ਦੀ ਪ੍ਰਤੀਕਾਤਮਕ ਰਿਹਰਸਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੌਕ ਡਰਿੱਲ ਦੌਰਾਨ ਵਲੰਟੀਅਰ, ਸਿਵਲ ਡਿਫੈਂਸ ਦੇ ਕਰਮਚਾਰੀ, ਸਿਹਤ ਵਿਭਾਗ ਦੇ ਕਰਮਚਾਰੀਆਂ ਤੋਂ ਇਲਾਵਾ ਟ੍ਰੈਫਿਕ ਨੂੰ ਕੰਟਰੋਲ ਕਰਨ ਲਈ ਪੁਲਿਸ ਅਧਿਕਾਰੀ ਵੀ ਹਾਜ਼ਰ ਹੋਣਗੇ। ਉਨ੍ਹਾਂ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਕਿ ਇਸ ਦੌਰਾਨ ਘਬਰਾਉਣ ਦੀ ਲੋੜ ਨਹੀਂ, ਕਿਉਂਕਿ ਇਹ ਸਿਰਫ਼ ਸਿਵਲ ਡਿਫੈਂਸ ਦੀ ਤਿਆਰੀ ਦੀ ਜਾਂਚ ਲਈ ਇਕ ਰੁਟੀਨ ਡਰਿੱਲ ਹੈ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਇਸ ਬਲੈਕ ਆਊਟ ਡਰਿੱਲ ਦੌਰਾਨ ਸਿਵਲ ਡਿਫੈਂਸ ਦਾ ਸਾਥ ਦਿੱਤਾ ਜਾਵੇ ਅਤੇ ਆਪਣੇ ਘਰਾਂ ਤੇ ਦੁਕਾਨਾਂ ਆਦਿ ਦੀਆਂ ਸਾਰੀਆਂ ਲਾਈਟਾਂ ਬੰਦ ਰੱਖੀਆਂ ਜਾਣ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਪੂਰੇ ਦੇਸ਼ ਵਿਚ ਮੌਕ ਡਰਿੱਲ ਹਰੇਕ ਸਾਲ ਦੇ ਅਪ੍ਰੈਲ ਅਤੇ ਨਵੰਬਰ ਦੇ ਮਹੀਨੇ ਵਿਚ ਕਰਵਾਈ ਜਾਇਆ ਕਰੇਗੀ।

ਲੇਖਕ ਆਪਣੀਆਂ ਰਚਨਾਵਾਂ ਇਸ ਨੰਬਰ ਤੇ ਭੇਜ ਸਕਦੇ ਹਨ
9815561022, 9463661542

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਫੂਡ ਸੇਫਟੀ ਟੀਮ ਤਰਨਤਾਰਨ ਨੇ ਡੇਅਰੀਆਂ ਅਤੇ ਵੱਖ-ਵੱਖ ਫੂਡ ਆਊਟਲੈਟਾਂ ਦਾ ਨਿਰੀਖਣ ਕੀਤਾ





ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕੰਵਲ ਪ੍ਰੀਤ ਬਰਾੜ ਦੇ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਤਰਨਤਾਰਨ ਸ਼੍ਰੀ ਰਾਹੁਲ ਅਤੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਸੁਖਬੀਰ ਕੌਰ ਦੀ ਅਗਵਾਈ ਹੇਠ ਫੂਡ ਸੇਫਟੀ ਟੀਮ ਤਰਨਤਾਰਨ ਨੇ ਚੱਲ ਰਹੇ ਫੂਡ ਸੇਫਟੀ ਪੰਦਰਵਾੜੇ ਤਹਿਤ ਗਤੀਵਿਧੀਆਂ ਜਾਰੀ ਰੱਖੀਆਂ।ਫੂਡ ਸੇਫਟੀ ਟੀਮ ਤਰਨਤਾਰਨ ਨੇ ਤਰਨਤਾਰਨ ਦੇ ਸਥਾਨਕ ਅਤੇ ਸਰਹੱਦੀ ਖੇਤਰਾਂ ਦਰਾਜਕੇ, ਪਹਿਲਵਾਂਕੇ, ਚੇਲਾ ਅਤੇ ਦਿਆਲਪੁਰ ਵਿੱਚ ਡੇਅਰੀਆਂ ਅਤੇ ਵੱਖ-ਵੱਖ ਫੂਡ ਆਊਟਲੈਟਾਂ ਦਾ ਨਿਰੀਖਣ ਕੀਤਾ। ਖਰੜ ਲੈਬ ਵਿੱਚ ਭੇਜਣ ਲਈ ਦੁੱਧ, ਲੱਡੂ, ਚਿਕਨ ਅਤੇ ਪਨੀਰ ਦੇ 6 ਨਮੂਨੇ ਇਕੱਠੇ ਕੀਤੇ ਗਏ ਅਤੇ ਟੀਮ ਨੇ ਜਾਗਰੂਕਤਾ ਮੁਹਿੰਮ ਜਾਰੀ ਰੱਖੀ ਅਤੇ ਸਾਰੇ FBOS ਨੂੰ ਸਫਾਈ ਬਣਾਈ ਰੱਖਣ ਅਤੇ ਬਚੋ ਮਿਲਾਵਟ ਤੇਲ ਦੀ ਰੀਫ੍ਰਾਈਇੰਗ ਭੋਜਨ ਦੀ ਦੁਰਘਟਨਾ ਨਾਲ ਹੋਣ ਵਾਲੀ ਦੂਸ਼ਿਤਤਾ ਤੋਂ ਬਚਣ ਲਈ ਨਿਰਦੇਸ਼ ਦਿੱਤੇ ਗਏ।ਅਤੇ ਪਕਾਏ ਹੋਏ ਭੋਜਨ ਦਾ ਸਹੀ ਤਾਪਮਾਨ ਬਣਾਈ ਰੱਖੋ ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਢੱਕ ਕੇ ਰੱਖੋ।ਅਤੇ FSW ਟੀਮ ਨੇ ਦਿਆਲਪੁਰ ਵਿੱਚ ਜਾਗਰੂਕਤਾ, ਸਿਖਲਾਈ ਅਤੇ ਟੈਸਟਿੰਗ ਜਾਰੀ ਰੱਖੀ ਅਤੇ ਲੋਕਾਂ ਨੂੰ ਬਾਜਰੇ ਦੇ ਫਾਇਦਿਆਂ ਬਾਰੇ ਜਾਗਰੂਕ ਕੀਤਾ ਗਿਆ। ਸਾਰੇ FBOS ਨੂੰ ਆਪਣੀ ਰਜਿਸਟ੍ਰੇਸ਼ਨ/ਲਾਈਸੈਂਸ ਬਣਾਈ ਰੱਖਣ ਲਈ ਨਿਰਦੇਸ਼ ਦਿੱਤੇ ਗਏ।ਉਨਾਂ ਦੁਕਾਨਦਾਰਾਂ ਨੂੰ ਕਿਹਾ ਕਿ ਉਹ ਖਾਣ ਪੀਣ ਵਾਲੀਆਂ ਵਸਤੂਆਂ ਦਾ ਮਟੀਰਅਲ ਵਧੀਆ ਕੰਪਨੀ ਦਾ ਖ੍ਰੀਦਣ ਅਤੇ ਲੌੜੀਂਦੀ ਮਾਤਰਾ ਅਨੁਸਾਰ ਹੀ ਚੀਜਾਂ ਨੂੰ ਮਿਕਸ ਕਰਨ।ਉਹਨਾਂ ਕਿਹਾ ਕਿ ਵਧੀਆ ਕਿਸਮ ਦੇ ਤੇਲ ਅਤੇ ਰਿਫਾਇੰਡ ਵਿੱਚ ਹੀ ਖਾਣ ਪੀਣ ਵਾਲੀਆਂ ਚੀਜਾਂ ਨੂੰ ਫਰਾਈ ਕੀਤਾ ਜਾਵੇ ਅਤੇ ਇਹਨਾਂ ਤੇਲਾਂ ਅਤੇ ਰਿਫਾਇੰਡ ਦੀ ਹੀ ਵਰਤੋਂ ਕੀਤੀ ਜਾਵੇ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਢੱਕੀਆਂ ਵਸਤੂਆਂ ਦੀ ਖ੍ਰਦੋ ਫਰੋਖਤ ਨਾ ਕਰਨ।ਉਹਨਾਂ ਦੁਕਾਨਦਾਰਾਂ ਨੂੰ ਵੀ ਕਿਹਾ ਕਿ ਉਹ ਖਾਣ ਪੀਣ ਵਾਲੀਆਂ ਵਸਤੂਆਂ ਨੂੰ ਢੱਕਕੇ ਰੰਖਣ ਅਤੇ ਅਤੇ ਗਰਮੀਂ ਦੇ ਮੌਸਮ ਵਿੱਚ ਓਨੀ ਹੀ ਵਸਤੂ ਤਿਆਰ ਕਰਨ ਜਿੰਨੀ ਵਿਕ ਜਾਵੇ ਬਹੀ ਚੀਜ ਦੁਬਾਰਾ ਨਾ ਪਰੋਸੀ ਜਾਵੇ।ਉਹਨਾਂ ਦੁਕਾਨਦਾਰਾਂ ਨੂੰ ਸਖਤ ਤਾੜਨਾ ਕੀਤੀ ਕਿ ਜੇਕਰ ਉਹ ਨਿਯਮਾਂ ਦੀ ਉਲੰਘਣਾ ਕਰਦੇ ਫੜੇ ਗਏ ਤਾਂ ਉਹਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

# ਤੇਜਿੰਦਰ ਸਿੰਘ ਢਿੱਲੋਂ ਨੇ ਸੁਪਰਡੈਂਟ ਦਾ ਅਹੁਦਾ ਸੰਭਾਲਿਆ



**ਤਰਨ ਤਾਰਨ,ਚੋਹਲਾ ਸਾਹਿਬ 24 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਤੇਜਿੰਦਰ ਸਿੰਘ ਢਿੱਲੋਂ ਸੁਪਰਡੈਂਟ ਦੇ ਤੌਰ ਤੇ ਪ੍ਰਮੋਟ ਹੋਣ ਉਪਰੰਤ ਦਫਤਰ ਸਿਵਲ ਸਰਜਨ ਤਰਨ ਤਾਰਨ ਵਿਖੇ ਅਹੁਦਾ ਸੰਭਾਲ ਲਿਆ ਹੈ। ਇਸ ਦੌਰਾਨ ਅਹੁਦਾ ਸੰਭਾਲਣ ਮੌਕੇ ਗੱਲਬਾਤ ਕਰਦਿਆਂ ਨਵ ਨਿਯੁਕਤ ਸੁਪਰਡੈਂਟ ਤਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਬਹੁਤ ਵਡਭਾਗੇ ਹਨ, ਜਿੰਨਾਂ ਨੂੰ ਆਪਣੇ ਜਿਲੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਗਰੀ ਤਰਨ ਤਾਰਨ ਵਿਖੇ ਸੇਵਾ ਕਰਨ ਦਾ ਮੌਕਾ ਮਿ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਮਾਨਯੋਗ ਸਿਵਿਲ ਸਰਜਨ ਸਾਹਿਬ ਅਤੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਸਹਿਯੋਗ ਨਾਲ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ,ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਸਿਵਲ ਸਰਜਨ ਦਫਤਰ ਦੇ ਸਮੁੱਚੇ ਸਟਾਫ ਦਾ ਸਵਾਗਤ ਮੌਕੇ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰੀ ਭਾਰਤੀ ਧਵਨ ਜਿਲਾ ਪਰਿਵਾਰ ਭਲਾਈ ਅਫ਼ਸਰ,ਡਾ: ਵਰਿੰਦਰਪਾਲ ਕੌਰ ਜ਼ਿਲ੍ਹਾ ਟੀਕਾਕਰਨ ਅਫ਼ਸਰ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੁਖਵੰਤ ਸਿੰਘ ਸਿੱਧੂ, ਬਾਬਾ ਸ਼ਮਸ਼ੇਰ ਸਿੰਘ ਕੋਹਰੀ , ਵਿਰਸਾ ਸਿੰਘ ਪੰਨੂ,ਗੁਰਦੇਵ ਸਿੰਘ ਢਿੱਲੋ ਏ ਐਮ ਓ ਅੰਮ੍ਰਿਤਸਰ,ਗੁਰਪ੍ਰੀਤ ਸਿੰਘ ਸੰਗਤਪੁਰਾ, ਨਰਿੰਦਰ ਸਿੰਘ ਪ੍ਰਧਾਨ ਕਲੈਰੀਕਲ ਯੂਨੀਅਨ ,ਸੁਪਰਡੈਂਟ ਪੁਸ਼ਪਿੰਦਰ ਸਿੰਘ, ਰਜਵੰਤ ਸਿੰਘ ਬਾਗੜੀਆਂ, ਗੁਰਦੇਵ ਸਿੰਘ ਢਿੱਲੋਂ ਹੈਲਥ ਸੁਪਰਵਾਈਜ਼ਰ, ਨਵਤੇਜ ਸਿੰਘ ਸੀਨੀਅਰ ਸਹਾਇਕ, ਹਰਜਿੰਦਰ ਸਿੰਘ ਝਬਾਲ,ਗੁਰਮੁਖ ਸਿੰਘ ,ਮਨਦੀਪ ਸਿੰਘ, ਬਚਿੱਤਰ ਸਿੰਘ ਝਬਾਲ,ਸਿਮਰਜੀਤ ਕੌਰ,ਰਣਬੀਰ ਕੌਰ, ਬਲਜੀਤ ਕੌਰ ,ਭੁਪਿੰਦਰ ਸਿੰਘ ਹੈਲਥ ਸੁਪਰਵਾਈਜ਼ਰ, ਸਲਵਿੰਦਰ ਸਿੰਘ , ਗੁਰਿੰਦਰ ਸਿੰਘ, ਅਮਰਜੀਤ ਸਿੰਘ ਢੋਟੀਆਂ,ਹਰਜੀਤ ਸਿੰਘ ਪਹੂਵਿੰਡ, ਡੀ ਪੀ ਐਮ ਇੰਦਰਜੀਤ ਸਿੰਘ ਭੁਲਰ, ਆਰੂਸ਼ ਭੱਲਾ, ਹਰਦਿਆਲ ਸਿੰਘ, ਸਿਮਰਜੀਤ ਸਿੰਘ,ਮਨਜਿੰਦਰ ਸਿੰਘ, ਜਸਪਿੰਦਰ ਸਿੰਘ, ਪ੍ਰਦੀਪ ਸਿੰਘ, ਸੁਰਜੀਤ ਸਿੰਘ,ਹਰਕੰਵਲ ਸਿੰਘ, ਪਰਮਜੀਤ ਸਿੰਘ ਕਸੇਲ, ਗੁਰਵਿੰਦਰ ਭੋਜੀਆਂ,ਰਿਤੇਸ਼ ਵਾਲੀਆ, ਅਮਰਿੰਦਰ ਸਿੰਘ , ਸਰਬਜੀਤ ਸਿੰਘ ਹੈਲਥ ਸੁਪਰਵਾਈਜਰ,, ਨਿਰਮਲ ਸਿੰਘ ਦੇਓ ਆਦਿ ਹਾਜ਼ਰ ਸਨ।

# ਸ਼ਿਪਸ ਇੰਸਟੀਚਿਊਟਸ ਰਾਣੀ ਵਲਾਹ ਦੇ ਵਿਦਿਆਰਥੀਆਂ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਕਰਵਾਈ ਗਈ



**ਚੋਹਲਾ ਸਾਹਿਬ 24 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਸ਼ਿਪਸ ਇੰਸਟੀਚਿਊਟਸ ਰਾਣੀ ਵਲਾਹ ਦੇ ਹੋਣਹਾਰ ਵਿਦਿਆਰਥੀਆਂ ਨੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਕਰਵਾਈ ਗਈ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਅਮੀਰ ਸਿੱਖ ਵਿਰਸੇ ਨਾਲ ਜੁੜੇ ਹੋਣ ਦਾ ਜੀਵੰਤ ਸਬੂਤ ਦਿੱਤਾ। ਪਹਿਲੀ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਸਕੂਲ ਅਤੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ।ਜ਼ੀਰੋ ਗਰੁੱਪ ਵਿੱਚੋਂ ਸਿਮਰਤ ਕੌਰ, ਗੁਰਫ਼ਤਿਹ ਸਿੰਘ, ਅਜੈਗੁਪਾਲ ਸਿੰਘ ਅਤੇ ਮਨਜੋਤ ਕੌਰ ਨੇ ਮੈਰਿਟ ਹਾਸਲ ਕੀਤੀ, ਜਦਕਿ ਏਕਮਜੀਤ ਸਿੰਘ ਨੇ ਏ ਗ੍ਰੇਡ ਅਤੇ ਅੰਸ਼ਲੀਨ ਕੌਰ ਤੇ ਗੁਰਲਾਲ ਸਿੰਘ ਨੇ ਬੀ ਗ੍ਰੇਡ ਪ੍ਰਾਪਤ ਕੀਤਾ। ਹੋਰ ਗਰੁੱਪਾਂ ਵਿੱਚ ਵੀ ਬੱਚਿਆਂ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਆਪਣੀ ਲਗਨ ਅਤੇ ਮਿਹਨਤ ਦਾ ਪਰਚਾ ਦਿੱਤਾ।ਇਸ ਮੌਕੇ ਮਾਸਟਰ ਸੁਖਵਿੰਦਰ ਸਿੰਘ ਤੁੜ ਵਲੋਂ ਸਕੂਲ ਪਹੁੰਚ ਕੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀਆਂ ਪ੍ਰੇਰਕ ਬਾਤਾਂ ਨੇ ਮਾਹੌਲ ਵਿੱਚ ਇਕ ਨਵੀਂ ਰੌਸ਼ਨੀ ਭਰ ਦਿੱਤੀ—ਜਿਵੇਂ ਇਤਿਹਾਸ ਦੀਆਂ ਜੜ੍ਹਾਂ ਨੂੰ ਮੁੜ ਜਿੰਦਗੀ ਮਿਲ ਗਈ ਹੋਵੇ। ਉਨ੍ਹਾਂ ਬੱਚਿਆਂ ਨੂੰ ਆਪਣੇ ਧਰਮ ਅਤੇ ਸਿੱਖ ਇਤਿਹਾਸ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ।ਸਕੂਲ ਪ੍ਰਬੰਧਕ ਕਮੇਟੀ ਵਲੋਂ—ਕਾਰਜਕਾਰੀ ਪ੍ਰਧਾਨ ਸ਼੍ਰੀਮਤੀ ਸ਼ੱਸ਼ੀ ਸ਼ਰਮਾ, ਐਜੂਕੇਸ਼ਨਲ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਸ. ਗੁਲਵਿੰਦਰ ਸਿੰਘ ਸੰਧੂ, ਮਦਨ ਪਠਾਣੀਆਂ ਅਤੇ ਪ੍ਰਿੰਸੀਪਲ ਸ. ਨਿਰਭੈ ਸਿੰਘ ਸੰਧੂ—ਨੇ ਬੱਚਿਆਂ ਅਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਸਿਰਫ਼ ਨੰਬਰਾਂ ਦੀ ਨਹੀਂ, ਸਗੋਂ ਸੰਸਕਾਰਾਂ ਦੀ ਜਿੱਤ ਹੈ।ਉਨ੍ਹਾਂ ਨੇ ਸਿੱਖ ਮਿਸ਼ਨਰੀ ਕਾਲਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਪ੍ਰੀਖਿਆਵਾਂ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਦੀਆਂ ਹਨ, ਜੋ ਉਨ੍ਹਾਂ ਦੀ ਰੂਹ ਨੂੰ ਮਜ਼ਬੂਤ ਬਣਾਉਂਦੀਆਂ ਹਨ।"ਜਦੋਂ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜਦੇ ਨੇ, ਤਦੋਂ ਹੀ ਉਹ ਅਸਮਾਨ ਨੂੰ ਛੂਹਣ ਜੋਗੇ ਬਣਦੇ ਨੇ," ਉਨ੍ਹਾਂ ਨੇ ਕਿਹਾ ਕਿ ਸਕੂਲ ਵਲੋਂ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਤਾਂ ਜੋ ਉਹਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ।

# ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਸਮੇਂ ਸਿਰ ਟੀਕਾਕਰਨ ਕਰਵਾਇਆ ਜਾਵੇ : ਡਾਕਟਰ ਸਨਦੀਪ ਕੌਰ



**ਚੋਹਲਾ ਸਾਹਿਬ 24 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਗਿੱਲ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਡਾਕਟਰ ਸਨਦੀਪ ਕੌਰ ਮੈਡੀਕਲ ਅਫਸਰ ਅਤੇ ਡਾਕਟਰ ਕਵਰਪੁਨੀਤ ਸਿੰਘ ਮੈਡੀਕਲ ਅਫਸਰ ਵੱਲੋਂ ਵਿਸ਼ੇਸ਼ ਟੀਕਾਕਰਨ ਕੈਂਪ ਲਗਾਇਆ ਗਿਆ।ਇਸ ਸਮੇਂ ਡਾਕਟਰ ਸਨਦੀਪ ਕੌਰ ਨੇ ਕਿਹਾ ਕਿ 24 ਅਪ੍ਰੈਲ ਤੋਂ 30 ਅਪ੍ਰੈਲ 2026 ਤੱਕ ਵਿਸ਼ਵ ਟੀਕਾਕਰਨ ਹਫਤਾ ਮਨਾਇਆ ਜਾ ਰਿਹਾ ਹੈ।ਉਹਨਾਂ ਦੱਸਿਆ ਕਿ ਇਸ ਦੌਰਾਨ ਸਿਹਤ ਵਿਭਾਗ ਦੇ ਕਰਮਚਾਰੀ ਘਰ ਘਰ ਜਾ ਕੇ ਵੀ ਲੋਕਾਂ ਨੂੰ ਟੀਕਾਕਰਨ ਬਾਰੇ ਪ੍ਰੇਰਿਤ ਕਰਨਗੇ।ਡਾਕਟਰ ਸਨਦੀਪ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਸਮੇਂ ਸਿਰ ਟੀਕਾਕਰਨ ਕਰਵਾਉਣ ਅਤੇ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਿਹਤ ਵਿਭਾਗ ਦਾ ਸਹਿਯੋਗ ਕਰਨ।ਉਹਨਾਂ ਦੱਸਿਆ ਕਿ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ ਅਤੇ ਖਾਸ ਕਰਕੇ ਪਰਵਾਸੀ ਅਬਾਦੀ ਵਾਲੇ ਖੇਰਤਾਂ ,ਝੁੱਗੀਆਂ,ਸਲੱਮ ਏਰੀਏ ਅਤੇ ਭੱਠੇ ਆਦਿ ਵਿੱਚ ਰਹਿਦ ਵਾਲੀਆਂ ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਦਾ ਟੀਕਾਕਰਨ ਕਰਨਾ ਯਕੀਨੀ ਬਣਾਇਆ ਜਾਵੇਗਾ।ਇਸ ਸਮੇਂ ਬਲਰਾਜ ਸਿੰਘ ਗਿੱਲ ਬੀਈਈ,ਰਜਵੰਤ ਕੌਰ ਰਸੂਲਪੁਰ ਐਲਐਚਵੀ,ਸੁਪਰੀਤ ਕੌਰ ਸੀਐਚਓ,ਜ਼ਸਪ੍ਰੀਤ ਕੌਰ ਏਐਨਐਮ ਅਤੇ ਆਸ਼ਾ ਵਰਕਰਜ਼ ਆਦਿ ਹਾਜਰ ਸਨ।




# ਪੰਜਾਬ ਨੇ ਲਗਾਤਾਰ ਚੌਥੇ ਸਫਲ ਸੀਜ਼ਨ 'ਚ ਨਾਲੋ-ਨਾਲ ਖ਼ਰੀਦ ਤੇ ਅਦਾਇਗੀ ਯਕੀਨੀ ਬਣਾਈ - ਲਾਲ ਚੰਦ ਕਟਾਰੂਚੱਕ



**-ਕਿਹਾ, ਸੂਬੇ ਦੀਆਂ ਮੰਡੀਆਂ 'ਚ ਹੁਣ ਤੱਕ 76 ਲੱਖ ਮੀਟ੍ਰਿਕ ਟਨ ਕਣਕ ਦੀ ਹੋਈ ਖ਼ਰੀਦ |**

ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 24 ਅਪ੍ਰੈਲ ਪੰਜਾਬ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕਿਹਾ ਕਿ ਸੂਬੇ ਭਰ ਵਿਚ ਕਣਕ ਦੇ ਖ਼ਰੀਦ ਕਾਰਜ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹਨ ਅਤੇ ਕਿਸਾਨਾਂ ਨੂੰ ਖ਼ਰੀਦ ਦੇ 24 ਘੰਟਿਆਂ ਦੇ ਅੰਦਰ ਅਦਾਇਗੀ ਪ੍ਰਾਪਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੁਚਾਰੂ ਅਤੇ ਕਿਸਾਨ-ਪੱਖੀ ਖ਼ਰੀਦ ਸੀਜ਼ਨ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਲਗਾਤਾਰ ਚੌਥੇ ਸਫਲ ਸੀਜ਼ਨ 'ਚ ਨਾਲੋ-ਨਾਲ ਖ਼ਰੀਦ ਤੇ ਅਦਾਇਗੀ ਯਕੀਨੀ ਬਣਾਈ ਹੈ। ਝਬਾਲ ਦੀ ਦਾਣਾ ਮੰਡੀ ਵਿਖੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਚੱਲ ਰਹੀ ਖ਼ਰੀਦ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਹੁਣ ਤੱਕ ਸੂਬੇ ਦੀਆਂ ਮੰਡੀਆਂ ਵਿਚ 80 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 76 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ, ਜੋ ਕਿ 96 ਫੀਸਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਇਸ ਸੀਜ਼ਨ ਵਿਚ ਸੂਬੇ ਦਾ 122 ਲੱਖ ਮੀਟ੍ਰਿਕ ਟਨ ਕਣਕ ਖ਼ਰੀਦ ਕਰਨ ਦਾ ਟੀਚਾ ਹੈ।ਕਣਕ ਅਤੇ ਝੋਨੇ ਦੇ ਖ਼ਰੀਦ ਸੀਜ਼ਨ ਦੌਰਾਨ ਕਿਸਾਨਾਂ ਨੂੰ ਸਹੂਲਤ ਪ੍ਰਦਾਨ ਕਰਨ ਦੀ ਪੰਜਾਬ ਸਰਕਾਰ ਦੀ ਸੋਚ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਸੂਬੇ ਵਿਚ ਹਰ ਸਾਲ ਖ਼ਰੀਦ ਸੀਜ਼ਨ ਸੁਚਾਰੂ ਅਤੇ ਸਫਲਤਾ ਪੂਰਵਕ ਢੰਗ ਨਾਲ ਨੇਪਰੇ ਚੜ੍ਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਨੂੰ ਬਾਰਦਾਨੇ ਦੀ ਘਾਟ, ਲਿਫ਼ਟਿੰਗ ਅਤੇ ਅਦਾਇਗੀ ਦੇ ਮੁੱਦਿਆਂ ਕਾਰਨ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਇਨ੍ਹਾਂ ਮੁੱਦਿਆਂ ਨੂੰ ਸਥਾਈ ਤੌਰ 'ਤੇ ਹੱਲ ਕਰਕੇ ਇਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸਾਨਾਂ ਨੂੰ 24 ਘੰਟਿਆਂ ਦੇ ਅੰਦਰ ਅਦਾਇਗੀ ਮਿਲ ਰਹੀ ਹੈ। ਇਸ ਤੋਂ ਇਲਾਵਾ ਸੂਬੇ ਭਰ ਵਿੱਚ ਫ਼ਸਲ ਦੀ ਲਿਫਟਿੰਗ ਵੀ ਸੁਚਾਰੂ ਢੰਗ ਨਾਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਿਛਲੇ ਚਾਰ ਸਾਲਾਂ ਤੋਂ ਇਸ ਰਿਕਾਰਡ ਨੂੰ ਕਾਇਮ ਰੱਖਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇਸ਼ ਦਾ ਅੰਨ ਭੰਡਾਰ ਹੈ ਅਤੇ ਇੰਨੇ ਵੱਡੇ ਪੱਧਰ 'ਤੇ ਖ਼ਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਸੂਬੇ ਦੀ ਯੋਗਤਾ ਮਾਣ ਵਾਲੀ ਗੱਲ ਹੈ।ਉਨ੍ਹਾਂ ਨੇ ਮੰਡੀ ਵਿਚ ਮੌਜੂਦ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ ਅਤੇ ਖ਼ਰੀਦ ਕਾਰਜਾਂ ਅਤੇ ਸਬੰਧਤ ਅਥਾਰਟੀਆਂ ਵੱਲੋਂ ਕਿਸਾਨਾਂ ਲਈ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਵੀ ਹਾਸਲ ਕੀਤੀ। ਇਸ ਦੌਰਾਨ ਉਨ੍ਹਾਂ ਲਿਫਟਿੰਗ ਕਰ ਰਹੇ ਮਜ਼ਦੂਰਾਂ ਨਾਲ ਗੱਲਬਾਤ ਵੀ ਕੀਤੀ ਅਤੇ ਤਕੜੇ ਹੋ ਕੇ ਕੰਮ ਕਰਨ ਲਈ ਹੱਲਾਸ਼ੇਰੀ ਵੀ ਦਿੱਤੀ। ਇਸ ਦੌਰਾਨ ਕਿਸਾਨਾਂ ਨੇ ਖ਼ਰੀਦ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ। ਉਨ੍ਹਾਂ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਅਤੇ ਨਿਰਵਿਘਨ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਸਾਰੀ ਉਪਜ ਦੀ ਤੁਰੰਤ ਖ਼ਰੀਦੀ ਜਾ ਅਤੇ ਉਨ੍ਹਾਂ ਨੂੰ 24 ਘੰਟਿਆਂ ਦੇ ਅੰਦਰ ਅਦਾਇਗੀ ਵੀ ਪ੍ਰਾਪਤ ਹੋ ਰਹੀ ਹੈ।ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਹਿਲਵੜ, ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ, ਡਿਪਟੀ ਡਾਇਰੈਕਟਰ ਖੁਰਾਕ ਅਤੇ ਸਿਵਲ ਸਪਲਾਈਜ਼ ਰਜਨੀਸ਼ ਕੁਮਾਰੀ, ਡੀ.ਐਫ.ਐਸ.ਸੀ ਜਸਜੀਤ ਕੌਰ, ਜ਼ਿਲ੍ਹਾ ਮੰਡੀ ਅਫ਼ਸਰ ਹਰਜੋਤ ਸਿੰਘ ਤੋਂ ਇਲਾਵਾ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਤਰਨ ਤਾਰਨ ਸਿਵਲ ਸਰਜਨ ਦਫ਼ਤਰ ਨੂੰ ਮਿਲਿਆ ਨਵਾਂ ਸੁਪਰਡੈਂਟ ਅਤੇ ਤੇਜਿੰਦਰ ਸਿੰਘ ਢਿੱਲੋਂ ਦਾ ਗਰਮਜੋਸ਼ੀ ਨਾਲ ਸਵਾਗਤ



**ਤਰਨ ਤਾਰਨ,ਚੋਹਲਾ ਸਾਹਿਬ 24 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਤੇਜਿੰਦਰ ਸਿੰਘ ਢਿੱਲੋਂ ਵੱਲੋਂ ਸਿਵਲ ਸਰਜਨ ਦਫ਼ਤਰ ਤਰਨ ਤਾਰਨ ਵਿਖੇ ਸੁਪਰਡੈਂਟ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲੀ ਗਈ। ਇਸ ਮੌਕੇ ਦਫ਼ਤਰ ਦੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਭਰਵਾਂ ਅਤੇ ਗਰਮਜੋਸ਼ੀ ਭਰਿਆ ਸਵਾਗਤ ਕੀਤਾ ਗਿਆ। ਸਹਿਕਰਮੀਆਂ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈਆਂ ਦਿੱਤੀਆਂ ਗਈਆਂ।ਇਸ ਦੌਰਾਨ ਤੇਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਉਹਨਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਲਗਨ ਨਾਲ ਨਿਭਾਇਆ ਜਾਵੇਗਾ। ਉਨ੍ਹਾਂ ਨੇ ਦਫ਼ਤਰ ਦੇ ਕੰਮਕਾਜ ਨੂੰ ਹੋਰ ਸੁਚੱਜਾ ਬਣਾਉਣ ਅਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਾਰਿਆਂ ਨਾਲ ਮਿਲ ਕੇ ਕੰਮ ਕਰਨ ਦਾ ਵਿਸ਼ਵਾਸ ਜਤਾਇਆ।ਇਸ ਮੌਕੇ ਸਟਾਫ ਮੈਂਬਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਤੇਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਦਫ਼ਤਰ ਦੇ ਕੰਮਕਾਜ ਵਿੱਚ ਹੋਰ ਸੁਧਾਰ ਆਵੇਗਾ ਅਤੇ ਸਮੂਹ ਟੀਮ ਦੇ ਕੰਮ ਨੂੰ ਮਜ਼ਬੂਤੀ ਮਿਲੇਗੀ।

ਇਸ ਮੌਕੇ

ਜ਼ਿਲ੍ਹਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ, ਵਿਰਸਾ ਸਿੰਘ ਪੰਨੂ, ਬਾਬਾ ਸ਼ਮਸ਼ੇਰ ਸਿੰਘ ਕੋਹਰੀ, ਗੁਰਦੇਵ ਸਿੰਘ ਢਿੱਲੋ, ਭੁਪਿੰਦਰ ਸਿੰਘ ਹੈਲਥ ਸੁਪਰਵਾਈਜਰ, ਅਮਰਜੀਤ ਸਿੰਘ ਢੋਟੀਆਂ, ਰਜਵੰਤ ਬਾਗੜੀਆਂ, ਨਵਤੇਜ ਸਿੰਘ ਸੀਨੀਅਰ ਸਹਾਇਕ, ਹਰਜੀਤ ਸਿੰਘ ਪਹੂਵਿੰਡ, ਗੁਰਿੰਦਰ ਸਿੰਘ ਕਸੇਲ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਭੋਜੀਆ, ਗੁਰਪ੍ਰੀਤ ਸਿੰਘ, ਜਸਪਿੰਦਰ ਸਿੰਘ, ਪਰਦੀਪ ਸਿੰਘ ਅਤੇ ਸਲਵਿੰਦਰ ਸਿੰਘ।ਇਸ ਮੌਕੇ ਸਾਰੇ ਸਟਾਫ ਵੱਲੋਂ ਉਨ੍ਹਾਂ ਨੂੰ ਨਵੇਂ ਅਹੁਦੇ ਲਈ ਦਿਲੋਂ ਵਧਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਸਫਲ ਭਵਿੱਖ ਦੀ ਕਾਮਨਾ ਕੀਤੀ ਗਈ।

# ਸਿਵਲ ਸਰਜਨ ਦਫ਼ਤਰ ਤਰਨ ਤਾਰਨ ਵਿਖੇ ਤੇਜਿੰਦਰ ਸਿੰਘ ਢਿੱਲੋਂ ਦਾ ਸੁਪਰਡੈਂਟ ਦਾ ਅਹੁਦਾ ਸੰਭਾਲਣ ਤੇ , ਸਮੂਹ ਸਟਾਫ ਨੇ ਗਰਮ ਜੋਸ਼ੀ ਨਾਲ ਕੀਤਾ ਸਵਾਗਤ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 24 ਅਪ੍ਰੈਲ |**

ਤੇਜਿੰਦਰ ਸਿੰਘ ਢਿੱਲੋਂ ਵੱਲੋਂ ਸਿਵਲ ਸਰਜਨ ਦਫ਼ਤਰ ਤਰਨ ਤਾਰਨ ਵਿਖੇ ਸੁਪਰਡੈਂਟ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲੀ ਗਈ। ਇਸ ਮੌਕੇ ਦਫ਼ਤਰ ਦੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਭਰਵਾਂ ਅਤੇ ਗਰਮਜੋਸ਼ੀ ਭਰਿਆ ਸਵਾਗਤ ਕੀਤਾ ਗਿਆ। ਸਹਿਕਰਮੀਆਂ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈਆਂ ਦਿੱਤੀਆਂ ਗਈਆਂ।ਇਸ ਦੌਰਾਨ ਤੇਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਉਹਨਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਲਗਨ ਨਾਲ ਨਿਭਾਇਆ ਜਾਵੇਗਾ। ਉਨ੍ਹਾਂ ਨੇ ਦਫ਼ਤਰ ਦੇ ਕੰਮਕਾਜ ਨੂੰ ਹੋਰ ਸੁਚੱਜਾ ਬਣਾਉਣ ਅਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਾਰਿਆਂ ਨਾਲ ਮਿਲ ਕੇ ਕੰਮ ਕਰਨ ਦਾ ਵਿਸ਼ਵਾਸ ਜਤਾਇਆ।ਇਸ ਮੌਕੇ ਸਟਾਫ ਮੈਂਬਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਤੇਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਦਫ਼ਤਰ ਦੇ ਕੰਮਕਾਜ ਵਿੱਚ ਹੋਰ ਸੁਧਾਰ ਆਵੇਗਾ ਅਤੇ ਸਮੂਹ ਟੀਮ ਦੇ ਕੰਮ ਨੂੰ ਮਜ਼ਬੂਤੀ ਮਿਲੇਗੀ। ਇਸ ਮੌਕੇਜ਼ਿਲ੍ਹਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ, ਵਿਰਸਾ ਸਿੰਘ ਪੰਨੂ, ਬਾਬਾ ਸ਼ਮਸ਼ੇਰ ਸਿੰਘ ਕੋਹਰੀ, ਗੁਰਦੇਵ ਸਿੰਘ ਢਿੱਲੋ, ਭੁਪਿੰਦਰ ਸਿੰਘ ਹੈਲਥ ਸੁਪਰਵਾਈਜਰ, ਅਮਰਜੀਤ ਸਿੰਘ ਢੋਟੀਆਂ, ਰਜਵੰਤ ਬਾਗੜੀਆਂ, ਨਵਤੇਜ ਸਿੰਘ ਸੀਨੀਅਰ ਸਹਾਇਕ, ਹਰਜੀਤ ਸਿੰਘ ਪਹੂਵਿੰਡ, ਗੁਰਿੰਦਰ ਸਿੰਘ ਕਸੇਲ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਭੋਜੀਆ, ਗੁਰਪ੍ਰੀਤ ਸਿੰਘ, ਜਸਪਿੰਦਰ ਸਿੰਘ, ਪਰਦੀਪ ਸਿੰਘ ਅਤੇ ਸਲਵਿੰਦਰ ਸਿੰਘ।ਇਸ ਮੌਕੇ ਸਾਰੇ ਸਟਾਫ ਵੱਲੋਂ ਉਨ੍ਹਾਂ ਨੂੰ ਨਵੇਂ ਅਹੁਦੇ ਲਈ ਦਿਲੋਂ ਵਧਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਸਫਲ ਭਵਿੱਖ ਦੀ ਕਾਮਨਾ ਕੀਤੀ ਗਈ। ਤਰਨ ਤਾਰਨ ਦੇ ਸਿਵਲ ਸਰਜਨ ਦਫਤਰ ਵਿਖੇ ਤਜਿੰਦਰ ਸਿੰਘ ਢਿੱਲੋਂ ਦਾ ਸੁਪਰਡੈਂਟ ਅਹੁਦਾ ਸੰਭਾਲਣ ਤੇ ਭਰਵਾਂ ਸਵਾਗਤ ਕਰਦੇ ਹੋਏ ਜਿਲਾ ਮਾਸ ਮੀਡੀਆ ਸੁਖਵੰਤ ਸਿੰਘ ਸਿੱਧੂ ਵਿਰਸਾ ਸਿੰਘ ਪੰਨੂ, ਬਾਬਾ ਸ਼ਮਸ਼ੇਰ ਸਿੰਘ ਕੋਹਰੀ, ਗੁਰਦੇਵ ਸਿੰਘ ਢਿੱਲੋ,ਆਦਿ।

# ਪੰਜਾਬ ਨੇ ਲਗਾਤਾਰ ਚੌਥੇ ਸਫਲ ਸੀਜ਼ਨ 'ਚ ਨਾਲੋ-ਨਾਲ ਖ਼ਰੀਦ ਤੇ ਅਦਾਇਗੀ ਯਕੀਨੀ ਬਣਾਈ - ਲਾਲ ਚੰਦ ਕਟਾਰੂਚੱਕ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 24 ਅਪ੍ਰੈਲ |**

ਪੰਜਾਬ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕਿਹਾ ਕਿ ਸੂਬੇ ਭਰ ਵਿਚ ਕਣਕ ਦੇ ਖ਼ਰੀਦ ਕਾਰਜ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹਨ ਅਤੇ ਕਿਸਾਨਾਂ ਨੂੰ ਖ਼ਰੀਦ ਦੇ 24 ਘੰਟਿਆਂ ਦੇ ਅੰਦਰ ਅਦਾਇਗੀ ਪ੍ਰਾਪਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੁਚਾਰੂ ਅਤੇ ਕਿਸਾਨ-ਪੱਖੀ ਖ਼ਰੀਦ ਸੀਜ਼ਨ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਲਗਾਤਾਰ ਚੌਥੇ ਸਫਲ ਸੀਜ਼ਨ 'ਚ ਨਾਲੋ-ਨਾਲ ਖ਼ਰੀਦ ਤੇ ਅਦਾਇਗੀ ਯਕੀਨੀ ਬਣਾਈ ਹੈ। ਝਬਾਲ ਦੀ ਦਾਣਾ ਮੰਡੀ ਵਿਖੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਚੱਲ ਰਹੀ ਖ਼ਰੀਦ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਹੁਣ ਤੱਕ ਸੂਬੇ ਦੀਆਂ ਮੰਡੀਆਂ ਵਿਚ 80 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 76 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ, ਜੋ ਕਿ 96 ਫੀਸਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਇਸ ਸੀਜ਼ਨ ਵਿਚ ਸੂਬੇ ਦਾ 122 ਲੱਖ ਮੀਟ੍ਰਿਕ ਟਨ ਕਣਕ ਖ਼ਰੀਦ ਕਰਨ ਦਾ ਟੀਚਾ ਹੈ।ਕਣਕ ਅਤੇ ਝੋਨੇ ਦੇ ਖ਼ਰੀਦ ਸੀਜ਼ਨ ਦੌਰਾਨ ਕਿਸਾਨਾਂ ਨੂੰ ਸਹੂਲਤ ਪ੍ਰਦਾਨ ਕਰਨ ਦੀ ਪੰਜਾਬ ਸਰਕਾਰ ਦੀ ਸੋਚ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਸੂਬੇ ਵਿਚ ਹਰ ਸਾਲ ਖ਼ਰੀਦ ਸੀਜ਼ਨ ਸੁਚਾਰੂ ਅਤੇ ਸਫਲਤਾ ਪੂਰਵਕ ਢੰਗ ਨਾਲ ਨੇਪਰੇ ਚੜ੍ਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਨੂੰ ਬਾਰਦਾਨੇ ਦੀ ਘਾਟ, ਲਿਫ਼ਟਿੰਗ ਅਤੇ ਅਦਾਇਗੀ ਦੇ ਮੁੱਦਿਆਂ ਕਾਰਨ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਇਨ੍ਹਾਂ ਮੁੱਦਿਆਂ ਨੂੰ ਸਥਾਈ ਤੌਰ 'ਤੇ ਹੱਲ ਕਰਕੇ ਇਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸਾਨਾਂ ਨੂੰ 24 ਘੰਟਿਆਂ ਦੇ ਅੰਦਰ ਅਦਾਇਗੀ ਮਿਲ ਰਹੀ ਹੈ। ਇਸ ਤੋਂ ਇਲਾਵਾ ਸੂਬੇ ਭਰ ਵਿੱਚ ਫ਼ਸਲ ਦੀ ਲਿਫਟਿੰਗ ਵੀ ਸੁਚਾਰੂ ਢੰਗ ਨਾਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਿਛਲੇ ਚਾਰ ਸਾਲਾਂ ਤੋਂ ਇਸ ਰਿਕਾਰਡ ਨੂੰ ਕਾਇਮ ਰੱਖਿਆ ਹੈ।